# ਕਰਜ਼ਦਾਤਾਵਾਂ ਲਈ ਉਚਿਤ ਵਿਹਾਰ ਸੰਹਿਤਾ

| | |
|---|---|
| ਪ੍ਰਭਾਵੀ ਮਿਤੀ | 01ਫਰਵਰੀ2018 , |
| ਸਵੀਕਾਰਕਰਤਾ | ਬੋਰਡ/ਬੋਰਡ ਸਮਿਤੀ |
| ਸਵੀਕਾਰ ਕਰਨ ਦੀ ਮਿਤੀ | 28ਅਪ੍ਰੈਲ2022 , |
| ਪਾੱਲਿਸੀ ਮਾਲਿਕ | ਨੈਸ਼ਨਲ ਮੈਨੇਜਰ–ਸਰਵਿਸ ਕਵਾਲਿਟੀ |
| ਸਮੀਖਿਆ ਕਦੋਂ ਕੀਤੀ ਜਾਂਦੀ ਹੈ | ਸਾਲ ਵਿੱਚ ਘੱਟੋ-ਘੱਟ ਇੱਕ ਵਾਰ |


ਕੋਰਪੋਰੇਟ ਦਫ਼ਤਰ ਦਾ ਪਤਾ:

ਉੱਜੀਵਨ ਸਮਾੱਲ ਫਾਇਨੈਂਸ ਬੈਂਕ ਲਿਮਿਟਿਡ

ਗ੍ਰੇਪ ਗਾਰਡਨ, ਨੰ. 27, 3rd A ਕ੍ਰਾੱਸ, 18th ਮੇਨ

ਕੋਰਮੰਗਲਾ 6th ਬਲਾੱਕ, ਬੈਂਗਲੁਰੂ 560 095



ਇਸ ਦਸਤਾਵੇਜ ਦੀ ਵਰਤੋਂ ਕੇਵਲ ਅੰਦਰੂਨੀ ਤੌਰ 'ਤੇ ਕੀਤੀ ਜਾਂਦੀ ਹੈ ਅਤੇ ਇਸਨੂੰ ਉੱਜੀਵਨ ਸਮਾੱਲ ਫਾਇਨੈਂਸ ਬੈਂਕ ਲਿਮਿਟਿਡ ਦੀ ਸਹਿਮਤੀ ਦੇ ਬਿਨਾਂ ਕਿਸੇ ਵੀ ਤੌਰ 'ਤੇ ਮੁੜ-ਤਿਆਰ ਨਹੀਂ ਕੀਤਾ ਜਾ ਸਕਦਾ ਹੈ

## ਉੱਜੀਵਨ ਸਮਾੱਲ ਫਾਇਨੈਂਸ ਬੈਂਕ ਦੇ ਕਰਜ਼ਦਾਤਾਵਾਂ ਦੇ ਲਈ ਉਚਿਤ ਵਿਹਾਰ ਸੰਹਿਤਾ ("ਉਚਿਤ ਵਿਹਾਰ ਸੰਹਿਤਾ")

ਉੱਜੀਵਨ ਸਮਾੱਲ ਫਾਇਨੈਂਸ ਬੈਂਕ ("ਬੈਂਕ") ਦੇ ਲਈ ਉਚਿਤ ਵਿਹਾਰ ਸੰਹਿਤਾ ਦਾ ਜਤਨ ਬੈਂਕ ਦੇ ਉਧਾਰਕਰਤਾਵਾਂ ਨੂੰ ਬੈਂਕ ਦੇ ਨਾਲ ਉਹਨਾਂ ਦੇ ਲੈਣ-ਦੇਣ ਦੇ ਸਬੰਧ ਵਿੱਚ ਪਾਰਦਰਸ਼ਿਤਾ ਅਤੇ ਸਪੱਸ਼ਟਤਾ ਪ੍ਰਦਾਨ ਕਰਨਾ ਹੈ। ਇਹਨਾਂ ਦਿਸ਼ਾ-ਨਿਰਦੇਸ਼ਾਂ ਦਾ ਸਬੰਧ ਕੇਵਲ ਬੈਂਕ ਦੇ ਘਰੇਲੂ ਬੈਂਕਿੰਗ ਵਪਾਰ ਤੋਂ ਹੈ।

ਬੈਂਕ ਦੀ ਨੀਤੀ ਆਪਣੇ ਸਾਰੇ ਕਲਾਇੰਟਾਂ/ਗਾਹਕਾਂ ਤੋਂ ਸਮਾਨ ਤੌਰ 'ਤੇ ਨਿਰਪੱਖਤਾ ਦੇ ਨਾਲ ਵਿਹਾਰ ਕਰਨਾ ਹੈ। ਬੈਂਕ ਦੇ ਕਰਮਚਾਰੀ ਨਿਰਪੱਖ, ਨਿਆਂਸੰਗਤ ਅਤੇ ਸਮਾਨ ਤਰੀਕੇ ਤੋਂ ਸਹਾਇਤਾ, ਪ੍ਰੋਹਤਸਾਹਨ ਅਤੇ ਸੇਵਾ ਪ੍ਰਦਾਨ ਕਰਨਗੇ। ਉਚਿਤ ਵਿਹਾਰ ਸੰਹਿਤਾ ਬੈਂਕ ਦੁਆਰਾ ਆਪਣੀਆਂ ਸਾਰੀਆਂ ਸ਼ਾਖਾਵਾਂ ਅਤੇ ਆਪਣੀ ਵਰਤਮਾਨ ਵੈਬਸਾਇਟ ni.bfsnavijju.www ("ਵੈਬਸਾਇਟ") ਦੇ ਜ਼ਰੀਏ ਸਾਰੇ ਗਾਹਕਾਂ ਨੂੰ ਉਪਲਬਧ ਕਰਾਈਆਂ ਜਾਣਗੀਆਂ।

### ਗੈਰ-ਭੇਦਭਾਵਪੂਰਨ ਨੀਤੀ

ਬੈਂਕ ਨਸਲ, ਜਾਤੀ, ਵਰਣ, ਧਰਮ, ਲਿੰਗ, ਵਿਆਹੁਤਾ ਸਥਿਤੀ, ਉਮਰ (ਪ੍ਰੌੜਤਾ ਤੋਂ ਵੱਧ), ਵਿੱਤੀ ਸਥਿਤੀ ਜਾਂ ਸਰੀਰਿਕ ਵਿਕਲਾਂਗਤਾ ਦੇ ਆਧਾਰ 'ਤੇ ਆਪਣੇ ਗਾਹਕਾਂ ਨਾਲ ਭੇਦਭਾਵ ਨਹੀਂ ਕਰੇਗਾ।

### ਡਾਇਰੈਕਟ ਸੇਲਿੰਗ ਏਜੰਟਾਂ ("DSA") ਦੇ ਲਈ ਆਚਾਰ ਸੰਹਿਤਾ

ਬੈਂਕ ASD ਦੇ ਲਈ ਹੇਠਾਂ ਦਿੱਤੀ ਆਚਾਰ ਸੰਹਿਤਾ ਅਪਣਾਏਗਾ ਅਤੇ ਉਸਨੂੰ ਸਬੰਧਿਤ ASD ਦੇ ਨਾਲ ਕੀਤੇ ਜਾਣ ਵਾਲੇ ਸਮਝੌਤੇ ਵਿੱਚ ਸ਼ਾਮਲ ਕਰੇਗਾ। ਕਿਉਂਕਿ ਬੈਂਕ ਡਿਜੀਟਲ ਫਿਟਨੇਕ ਸਾਂਝੇਦਾਰੀਆਂ ਦੇ ਜ਼ਰੀਏ ਕਰਜ਼ਾ ਪ੍ਰਦਾਨ ਕਰਦਾ ਹੈ ਅਤੇ ਜਿਹਨਾਂ ਨੂੰ ASD ਦੇ ਤੌਰ 'ਤੇ ਵਰਗੀਕ੍ਰਿਤ ਕੀਤਾ ਜਾਂਦਾ ਹੈ, ਡਿਜੀਟਲ ਤੌਰ 'ਤੇ ਕਰਜ਼ ਦੇਣ ਲਈ ਹੇਠਾਂ ਦਿੱਤੀ ਆਚਾਰ ਸੰਹਿਤਾ ਬੈਂਕ ਦੇ ਫਿਟਨੇਕ ਸਾਂਝੇਦਾਰਾਂ 'ਤੇ ਲਾਗੂ ਹੋਵੇਗੀ। ਬੈਂਕ ਨੇ ASD ਦੇ ਲਈ ਆਦਰਸ਼ ਆਚਾਰ ਸੰਹਿਤਾ ਨੂੰ ਅਪਣਾਇਆ ਹੈ ਜਿਸਨੂੰ ABI ਦੁਆਰਾ ਮੌਜੂਦਾ ਬਿਜਨਿਸ ਮਾਡਲ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਇਆ ਗਿਆ ਹੈ। ਇਸ ਆਦਰਸ਼ ਆਚਾਰ ਸੰਹਿਤਾ ਦੇ ਹੋਰ ਪਹਿਲੂ ਉਦੋਂ ਅਪਣਾਏ ਜਾਣਗੇ ਜਦੋਂ ਕਿਸੇ ਵੀ ਬੈਂਕ ਸਬੰਧਿਤ ਬਿਜਨਿਸ ਮਾੱਡਲਾਂ ਵਿੱਚ ਪ੍ਰਵੇਸ਼ ਕਰੇਗਾ।

ਬੈਂਕ ASD

- ਬੈਂਕ ਦੇ ਉਤਪਾਦ ਸੋਰਸ ਕਰਨ ਲਈ ਸੰਭਾਵਿਤ ਗਾਹਕ ਤੋਂ ਕੇਵਲ ਹੇਠਾਂ ਦਿੱਤੀਆਂ ਸਥਿਤੀਆਂ ਵਿੱਚ ਸੰਪਰਕ ਕੀਤਾ ਜਾਵੇਗਾ:
  - ਜਦੋਂ ਕਦੇ ਸੰਭਾਵਿਤ ਗਾਹਕ ਬੈਂਕ ਦੀ ਵੈਬਸਾਈਟ ਜਾਂ ਉਸਦੇ ਕਾੱਲ ਸੈਂਟਰ ਜਾਂ ਬੈਂਕ ਦੀ ਕਿਸੇ ਵੀ ਸ਼ਾਖਾ ਜਾਂ ਬੈਂਕ ਦੇ ਰਿਲੇਸ਼ਨਸ਼ਿਪ ਮੈਨੇਜਰ ਦੇ ਜ਼ਰੀਏ ਬੈਂਕ ਦਾ ਪ੍ਰੋਡਕਟ ਪ੍ਰਾਪਤ ਕਰਨ ਦੀ ਇੱਛਾ ਰੱਖੇ ਜਾਂ ਹੋਰ ਕਿਸੇ ਸੰਭਾਵਿਤ ਜਾਂ ਮੌਜੂਦਾ ਗਾਹਕ ਦੁਆਰਾ ਉਸਨੂੰ ਸੰਦਰਭਿਤ ਕੀਤਾ ਜਾਵੇ, ਜਾਂ ਬੈਂਕ ਦਾ ਕੋਈ ਮੌਜੂਦ ਗਾਹਕ ਹੋਵੇ ਜਿਸਨੇ ਬੈਂਕ ਦੇ ਹੋਰ ਪ੍ਰੋਡਕਟਸ 'ਤੇ ਬੈਂਕ ਤੋਂ ਜਾਂ ਉਸਦੇ ਵੱਲੋਂ ਕਾੱਲ ਸਵੀਕਾਰ ਕਰਨ ਦੀ ਸਹਿਮਤੀ ਦਿੱਤੀ ਹੋਵੇ।
  - ਜਦੋਂ ਸੰਭਾਵਿਤ ਗਾਹਕ ਦਾ ਨਾਮ /ਟੈਲੀਫੋਨ ਨੰਬਰ/ ਪਤਾ ਬੈਂਕ ਦੇ ਕੋਲ ਉਪਲਬਧ ਹੋਵੇ ਅਤੇ ਉਸ ਸੰਭਾਵਿਤ ਗਾਹਕ ਦੀ ਸਹਿਮਤੀ ਪ੍ਰਾਪਤ ਕਰਨ ਤੋਂ ਬਾਅਦ DSA ਮੈਨੇਜਰ/ਟੀਮ ਲੀਡਰ ਦੁਆਰਾ ਸਵੀਕ੍ਰਿਤ ਸੂਚੀਆਂ/ਡਾਇਰੈਕਟਰੀਆਂ/ਡੈਟਾਬੇਸ ਵਿੱਚੋਂ ਕਿਸੇ ਇੱਕ ਰਾਹੀਂ ਗਿਆ ਹੋਵੇ।
  - ਜਦੋਂ ਸੰਭਾਵਿਤ ਗਾਹਕ /ਗਾਹਕ ਆਪਣੀ ਮਰਜ਼ੀ ਨਾਲ ਫਿਟਨੇਕ ਦੀ ਐਪ, ਵੈਬਸਾਈਟ, ਭੌਤਿਕ ਹਾਜ਼ਰੀ, ਕਾਨਟੈਕਟ ਸੈਂਟਰ ਜਾਂ ਫਿਟਨੇਕ ਦੀ ਅਧਿਗ੍ਰਹਿਣ ਰਣਨੀਤੀ ਜਾਂ ਮਾੱਡਲ ਦੇ ਤਹਿਤ ਸਥਾਪਿਤ ਅਜਿਹੇ ਹੋਰ ਕਿਸੇ ਸੰਪਰਕ ਬਿੰਦੂ ਦੇ ਜ਼ਰੀਏ ਉਹਨਾਂ ਨਾਲ ਸੰਪਰਕ ਕਰਦਾ ਹੋਵੇ।
- DSA ਨੂੰ ਅਜਿਹੇ ਕਿਸੇ ਵੀ ਵਿਅਕਤੀ/ਸੰਸਥਾ ਨੂੰ ਕਾੱਲ ਨਹੀਂ ਕਰਨੀ ਚਾਹੀਦੀ ਜਿਸਦਾ ਨਾਮ/ਕਾਨਟੈਕਟ ਨੰਬਰ DSA ਦੇ ਕੋਲ ਮੌਜੂਦ ਕਿਸੇ ਵੀ 'ਡੂ ਨਾੱਟ ਡਿਸਟਰਬ" ਸੂਚੀ ਵਿੱਚ ਸ਼ਾਮਿਲ ਹੋਵੇ।
- ਟੈਲੀਫੋਨ ਰਾਹੀਂ ਸੰਪਰਕ ਆਮ ਤੌਰ 'ਤੇ ਸਵੇਰੇ 09:30 ਤੋਂ ਸ਼ਾਮ 07:00 ਵਜੇ ਵਿਚਕਾਰ ਕੀਤਾ ਜਾਣਾ ਚਾਹੀਦਾ ਹੈ। ਹਾਲਾਂਕਿ, ਸੰਭਾਵਿਤ ਗਾਹਕ ਨੂੰ ਕਾੱਲ ਉਸਦੇ ਲਈ ਸੁਵਿਧਾਜਨਕ ਸਮੇਂ 'ਤੇ ਕੀਤੀ ਜਾਣੀ ਚਾਹੀਦੀ ਹੈ। (ਉਪਰੋਕਤ) ਨਿਰਧਾਰਿਤ ਸਮੇਂ ਤੋਂ ਪਹਿਲਾਂ ਜਾਂ ਬਾਅਦ ਵਿੱਚ ਕਾੱਲ ਉਸੇ ਸ਼ਰਤ 'ਤੇ ਕੀਤੀ ਜਾਵੇ ਜਦੋਂ ਸੰਭਾਵਿਤ ਗਾਹਕ ਨੇ DSA ਨੂੰ ਅਜਿਹਾ ਕਰਨ ਦਾ ਲਿਖਿਤ ਜਾਂ ਮੌਖਿਕ ਅਧਿਕਾਰ ਦਿੱਤਾ ਹੋਵੇ।

- DSA ਨੂੰ ਸੰਭਾਵਿਤ ਗਾਹਕ ਦੀ ਨਿੱਜੀਤਾ ਦਾ ਸਨਮਾਨ ਕਰਨਾ ਚਾਹੀਦਾ ਹੈ। ਸੰਭਾਵਿਤ ਗਾਹਕ ਦੇ ਹਿੱਤਾਂ 'ਤੇ ਚਰਚਾ ਆਮ ਤੌਰ 'ਤੇ ਕੇਵਲ ਉਸਦੇ ਨਾਲ ਹੋਰ ਕਿਸੇ ਵੀ ਵਿਅਕਤੀ/ਪਰਿਵਾਰ ਦੇ ਮੈਂਬਰ ਜਿਵੇਂ ਕਿ ਸੰਭਾਵਿਤ ਗਾਹਕ ਦੇ ਅਕਾਊਂਟੈਂਟ/ਸਚਿਵ/ਪਤਨੀ ਜਾਂ ਪਤੀ ਦੇ ਨਾਲ ਹੀ ਕੀਤੀ ਜਾਣੀ ਚਾਹੀਦੀ ਹੈ ਜਿਸਨੂੰ ਸੰਭਾਵਿਤ ਗਾਹਕ ਦੁਆਰਾ ਅਧਿਕ੍ਰਿਤ ਕੀਤਾ ਗਿਆ ਹੋਵੇ।
- DSA ਨੂੰ ਸੰਭਾਵਿਤ ਗਾਹਕਾਂ ਤੋਂ ਕਿਸੇ ਵੀ ਰੂਪ ਵਿੱਚ ਰਿਸ਼ਵਤ ਨਹੀਂ ਲੈਣੀ ਚਾਹੀਦੀ। ਜੇਕਰ ਕਿਸੇ ਵੀ BDE (ਬਿਜਨਿਸ ਡਵੈਲਪਮੈਂਟ ਐਗਜ਼ੀਕਿਊਟਿਵ) ਨੂੰ ਗਾਹਕ ਦੁਆਰਾ ਕਿਸੇ ਵੀ ਤੌਰ 'ਤੇ ਰਿਸ਼ਵਤ ਦਿੱਤੀ ਜਾਂਦੀ ਹੈ ਜਾਂ ਭੁਗਤਾਨ ਕੀਤਾ ਜਾਂਦਾ ਹੈ, ਤਾਂ ਉਸਨੂੰ ਆਪਣੇ ਸੀਨੀਅਰ ਅਧਿਕਾਰੀਆਂ ਨੂੰ ਇਸ ਪੇਸ਼ਕਸ਼ ਦੀ ਜਾਣਕਾਰੀ ਦੇਣੀ ਚਾਹੀਦੀ ਹੈ।
- DSA ਨੂੰ ਸਪੱਸ਼ਟ ਤੌਰ 'ਤੇ ਉਹਨਾਂ ਉਧਾਰਕਰਤਾਵਾਂ ਦੀ ਜਾਣਕਾਰੀ ਦੇਣੀ ਹੋਵੇਗੀ ਜਿਹਨਾਂ ਦੇ ਨਾਲ ਉਹ ਬੈਂਕ ਵੱਲੋਂ ਗੱਲਬਾਤ ਕਰਦੇ ਹੋਣ ਅਤੇ ਉਹਨਾਂ ਨੂੰ ਕੇਵਲ ਬੈਂਕ ਦੁਆਰਾ ਕਰਜ਼ਾ ਦਿੱਤਾ ਜਾਵੇਗਾ।
- ਬੈਂਕ ਦੇ ਲਈ ਬਕਾਇਆ ਰਕਮ ਇਕੱਠੀ ਕਰਨ ਵਾਲੇ DSA ਨੂੰ ਸਿਖਲਾਈ ਸਹਿਤ ਅੰਦਰੂਨੀ ਨੀਤੀਆਂ ਅਤੇ ਪ੍ਰਕਿਰਿਆਵਾਂ ਦੀ ਜਾਣਕਾਰੀ ਹੋਣੀ ਚਾਹੀਦੀ ਹੈ ਜਿਹਨਾਂ ਦੇ ਜ਼ਰੀਏ ਸਟਾਫ਼/ਏਜੰਟਾਂ ਨੂੰ ਕਰਜ਼ੇ ਦੀ ਰਕਮ ਨਹੀਂ ਚੁਕਾਉਣ ਦੀ ਹਰੇਕ ਅਵਸਥਾ 'ਤੇ ਗਾਹਕਾਂ ਨਾਲ ਨਿਪਟਣ ਦੀ ਪ੍ਰਕਿਰਿਆ ਦੱਸੀ ਗਈ ਹੋਵੇ ਅਤੇ ਇਹ ਵੀ ਦੱਸਿਆ ਗਿਆ ਹੋਵੇ ਕਿ ਗਾਹਕਾਂ ਨਾਲ ਕਿਵੇਂ ਪੂਰਨ ਨੈਤਿਕਤਾ ਨਾਲ ਵਿਹਾਰ ਕੀਤਾ ਜਾਂਦਾ ਹੈ।
- ਕਰਜ਼ ਦੀ ਅਰਜ਼ੀ 'ਤੇ ਕਾਰਵਾਈ ਕਰਨ ਵਾਲੇ, ਕਰਜ਼ ਦੀ ਬਕਾਇਆ ਰਕਮ ਇਕੱਠੀ ਕਰਨ ਅਤੇ ਕਰਜ਼ ਦੀ ਰਕਮ ਨਾ ਚੁਕਾਉਣ ਵਾਲੇ ਗਾਹਕਾਂ ਨਾਲ ਨਿਪਟਣ ਵਾਲਾ ਸਟਾਫ਼/ਏਜੰਟ ਨੌਕਰੀ 'ਤੇ ਰੱਖੇ ਜਾਂਦੇ ਸਮੇਂ ਪੂਰੀਆਂ ਕੀਤੀਆਂ ਜਾਣ ਵਾਲੀਆਂ ਰਸਮਾਂ ਦੇ ਸਮੇਂ ਜਾਂ ਵੱਖਰੀ ਪ੍ਰਕਿਰਿਆ ਦੇ ਦੌਰਾਨ DSA ਦੁਆਰਾ ਨਿਰਧਾਰਿਤ ਆਚਾਰ ਸੰਹਿਤਾ ( IBA ਦੀ ਆਚਾਰ ਸੰਹਿਤਾ ਦੇ ਸਮਾਨ) ਦੇ ਪਾਲਣ ਦੀ ਘੋਸ਼ਣਾ 'ਤੇ ਹਸਤਾਖ਼ਰ ਕਰਨਗੇ।
- ਬਹੀ-ਖਾਤਿਆਂ ਦਾ ਰੱਖ-ਰੱਖਾਵ ਕਰਦੇ ਸਮੇਂ ਅਤੇ ਯੋਗ ਆੱਡੀਟਰ ਅਤੇ ਬੈਂਕ ਨੂੰ ਵਿੱਤੀ ਵਿਵਰਣ ਦੀ ਰਿਪੋਰਟ/ਪ੍ਰਸਤੁਤੀ ਅਤੇ ਪ੍ਰਗਟੀਕਰਨ ਕਰਦੇ ਸਮੇਂ ਉਹਨਾਂ ਨੂੰ ਪਾਰਦਰਸ਼ਿਤਾ ਸੁਨਿਸ਼ਚਿਤ ਕਰਨੀ ਚਾਹੀਦੀ ਹੈ।
- ਬੈਂਕ ਦੇ ਉਤਪਾਦ ਦੀ ਪੂਰਨ ਜਾਣਕਾਰੀ ਹੋਣੀ ਚਾਹੀਦੀ ਹੈ।
- DSA ਨੂੰ-

- ਬੈਂਕ ਦੁਆਰਾ ਪ੍ਰਸਤੁਤ ਕਿਸੇ ਵੀ ਸੇਵਾ/ਉਤਪਾਦ ਦੇ ਬਾਰੇ ਸੰਭਾਵਿਤ ਗਾਹਕ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ;
- ਉਹਨਾਂ ਦੇ ਵਪਾਰ ਜਾਂ ਸੰਗਠਨ ਦੇ ਨਾਮ ਦੇ ਬਾਰੇ ਵਿੱਚ ਸੰਭਾਵਿਤ ਗਾਹਕ ਨੂੰ ਗੁੰਮਰਾਹ ਨਹੀਂ ਕਰਨਾ ਚਾਹੀਦਾ ਜਾਂ ਆਪਣੀ ਝੂਠੀ ਪਹਿਚਾਣ ਨਹੀਂ ਦੇਣੀ ਚਾਹੀਦੀ।
- ਕਿਸੇ ਵੀ ਸੁਵਿਧਾ/ਸੇਵਾ ਦੇ ਲਈ ਬੈਂਕ ਵੱਲੋਂ ਕੋਈ ਝੂਠਾ/ਅਣਅਧਿਕਾਰਤ ਵਾਅਦਾ ਨਹੀਂ ਕਰਨਾ ਚਾਹੀਦਾ।

- ਵਿਜ਼ਿਟ/ਸੰਪਰਕ ਕਰਦੇ ਸਮੇਂ ਸਾਵਧਾਨੀ ਵਰਤਣੀ ਚਾਹੀਦੀ ਹੈ।

DSA ਨੂੰ:

- ਸੰਭਾਵਿਤ ਗਾਹਕ ਤੋਂ ਉਚਿਤ ਦੂਰੀ ਬਣਾ ਕੇ ਰੱਖਣੀ ਚਾਹੀਦੀ ਹੈ।
- ਸੰਭਾਵਿਤ ਗਾਹਕ ਦੀ ਮਰਜ਼ੀ ਤੋਂ ਬਿਨਾਂ ਉਸਦੇ ਆਵਾਸ ਵਿੱਚ ਪ੍ਰਵੇਸ਼ ਨਹੀਂ ਕਰਨਾ ਚਾਹੀਦਾ।
- ਵੱਡੀ ਸੰਖਿਆ ਵਿੱਚ ਵਿਜ਼ਿਟ ਨਹੀਂ ਕਰਨਾ ਚਾਹੀਦਾ, ਯਾਨੀ ਇੱਕ BD (ਬਿਜਨਿਸ ਡਵੈਲਪਮੈਂਟ ਐਗਜ਼ੀਕਿਊਟਿਵ) ਅਤੇ ਲੋੜ ਪੈਣ 'ਤੇ ਇੱਕ ਸੁਪਰਵਾਇਜ਼ਰ।
- ਸੰਭਾਵਿਤ ਗਾਹਕ ਦੀ ਨਿੱਜੀਤਾ ਦਾ ਸਨਮਾਨ ਕਰਨਾ ਚਾਹੀਦਾ ਹੈ।
- ਜੇ ਸੰਭਾਵਿਤ ਗਾਹਕ ਵਿਜ਼ਿਟ ਦੌਰਾਨ ਗੈਰ-ਹਾਜ਼ਰ ਹੈ ਅਤੇ ਪਰਿਵਾਰ/ਆੱਫਿਸ ਦਾ ਕੇਵਲ ਇੱਕ ਮੈਂਬਰ/ ਵਿਅਕਤੀ ਹਾਜ਼ਰ ਹੈ, ਤਾਂ ਉਹਨਾਂ ਨੂੰ ਸੰਭਾਵਿਤ ਗਾਹਕ ਨੂੰ ਵਾਪਸ ਕਾੱਲ ਕਰਨ ਦੀ ਬੇਨਤੀ ਕਰਦੇ ਹੋਏ ਵਿਜ਼ਿਟ ਨੂੰ ਸਮਾਪਤ ਕਰ ਦੇਣਾ ਚਾਹੀਦਾ ਹੈ।
- ਗਾਹਕ ਦੁਆਰਾ ਪੁੱਛੇ ਜਾਣ 'ਤੇ ਆਪਣਾ ਟੈਲੀਫੋਨ ਨੰਬਰ, ਸੁਪਰਵਾਇਜ਼ਰ ਦਾ ਨਾਮ ਜਾਂ ਸਬੰਧਿਤ ਬੈਂਕ ਅਧਿਕਾਰੀ ਦਾ ਸੰਪਰਕ ਵਿਵਰਣ ਦਿਓ।
- ਸੰਭਾਵਿਤ ਗਾਹਕ ਦੇ ਨਾਲ ਚਰਚਾ ਨੂੰ ਕੇਵਲ ਵਪਾਰ ਤੱਕ ਸੀਮਿਤ ਰੱਖਦੇ ਹੋਏ ਪੇਸ਼ੇਵਰ ਦੂਰੀ ਬਣਾਏ ਰੱਖੋ।

• DSA ਦੁਆਰਾ ਸੰਭਾਵਿਤ ਗਾਹਕ ਨੂੰ ਭੇਜਿਆ ਗਿਆ ਪੱਤਰ-ਵਿਹਾਰ ਕੇਵਲ ਬੈਂਕ ਦੁਆਰਾ ਦੱਸੇ ਗਏ ਤਰੀਕੇ ਅਤੇ ਪ੍ਰਾਰੂਪ ਵਿੱਚ ਕੀਤਾ ਜਾਣਾ ਚਾਹੀਦਾ ਹੈ।

**ਬੈਂਕ ਤੋਂ ਡਿਜੀਟਲ ਕਰਜ਼ ਅਨੁਦਾਨ ਮੰਚ ਦੇ ਜ਼ਰੀਏ ਪ੍ਰਾਪਤ ਕੀਤੇ ਗਏ ਕਰਜ਼:**

RBI ਦੇ ਸਰਕੂਲਰ 'ਡਿਜੀਟਲ ਕਰਜ਼ ਅਨੁਦਾਨ ਮੰਚ ਤੋਂ ਪ੍ਰਾਪਤ ਕੀਤੇ ਗਏ ਕਰਜ਼ ਦਾ ਸੰਦਰਭ ਲੈਂਦੇ ਹੋਏ: ਤਾਰੀਖ਼ 24 ਜੂਨ, 2020 ਦੇ ਉਚਿਤ ਵਿਹਾਰ ਸੰਹਿਤਾ ਅਤੇ ਆਊਟਸੋਰਸਿੰਗ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਕਰਦੇ ਹੋਏ ਬੈਂਕਾਂ ਨੂੰ ਖੁਦ ਦੇ ਡਿਜੀਟਲ ਕਰਜ਼ ਅਨੁਦਾਨ ਮੰਚ ਦੇ ਜ਼ਰੀਏ ਜਾਂ ਆਊਟਸੋਰਸ ਕੀਤੇ ਗਏ ਕਰਜ਼ ਅਨੁਦਾਨ ਮੰਚ ਦੇ ਜ਼ਰੀਏ ਦਿੱਤੇ ਗਏ ਕਰਜ਼ ਦੀ ਪਰਵਾਹ ਕੀਤੇ ਬਿਨਾਂ ਉਚਿਤ ਵਿਹਾਰ ਸੰਹਿਤਾ ਦਿਸ਼ਾ-ਨਿਰਦੇਸ਼ਾਂ ਦਾ ਪਾਲਣ ਪੂਰਨ ਤੌਰ 'ਤੇ ਕਰਨਾ ਚਾਹੀਦਾ ਹੈ ਅਤੇ ਨਾਲ ਹੀ ਵਿੱਤੀ ਸੇਵਾਵਾਂ ਅਤੇ ਆਈਟੀ ਸੇਵਾਵਾਂ ਦੀ ਆਊਟਸੋਰਸਿੰਗ 'ਤੇ ਨਿਯਾਮਿਕ ਨਿਰਦੇਸ਼ਾਂ ਦਾ ਅਨੁਸਰਨ ਪੂਰੀ ਬਾਰੀਕੀ ਨਾਲ ਕਰਨਾ ਚਾਹੀਦਾ ਹੈ।

ਬੈਂਕ ਦੁਆਰਾ ਉਧਾਰਕਰਤਾਵਾਂ ਨੂੰ ਸੋਰਸ ਕਰਨ ਅਤੇ/ਜਾਂ ਕਰਜ਼ ਦੀ ਬਕਾਇਆ ਰਕਮ ਪ੍ਰਾਪਤ ਕਰਨ ਲਈ ਡਿਜੀਟਲ ਕਰਜ਼ ਅਨੁਦਾਨ ਮੰਚਾਂ ਦੀ ਮਦਦ ਆਪਣੇ ਏਜੰਟਾਂ ਦੇ ਤੌਰ 'ਤੇ ਕਰਨ ਦੀ ਸਥਿਤੀ ਵਿੱਚ ਉਸਨੂੰ ਨਿਮਨਲਿਖਿਤ ਨਿਰਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ:

ਬੈਂਕ ਦੁਆਰਾ ਉਧਾਰਕਰਤਾਵਾਂ ਨੂੰ ਸੋਰਸ ਕਰਨ ਅਤੇ/ਜਾਂ ਕਰਜ਼ ਦੀ ਬਕਾਇਆ ਰਕਮ ਪ੍ਰਾਪਤ ਕਰਨ ਲਈ ਡਿਜੀਟਲ ਕਰਜ਼ ਅਨੁਦਾਨ ਮੰਚਾਂ ਦੀ ਮਦਦ ਆਪਣੇ ਏਜੰਟਾਂ ਦੇ ਤੌਰ 'ਤੇ ਕਰਨ ਦੀ ਸਥਿਤੀ ਵਿੱਚ ਉਸਨੂੰ ਨਿਮਨਲਿਖਿਤ ਨਿਰਦੇਸ਼ਾਂ ਦਾ ਪਾਲਣ ਕਰਨਾ ਚਾਹੀਦਾ ਹੈ:

a) ਏਜੰਟ ਦੇ ਤੌਰ 'ਤੇ ਨਿਯੁਕਤ ਡਿਜੀਟਲ ਕਰਜ਼ ਅਨੁਦਾਨ ਮੰਚਾਂ ਦੇ ਨਾਮ ਬੈਂਕ ਦੁਆਰਾ ਵੈਬਸਾਈਟ 'ਤੇ ਕੀਤੇ ਜਾਣਗੇ।

b) ਏਜੰਟ ਦੇ ਤੌਰ 'ਤੇ ਨਿਯੁਕਤ ਡਿਜੀਟਲ ਕਰਜ਼ ਅਨੁਦਾਨ ਮੰਚਾਂ ਨੂੰ ਉਸ ਬੈਂਕ ਦਾ ਨਾਮ ਗਾਹਕ ਨੂੰ ਸਪੱਸ਼ਟ ਤੌਰ 'ਤੇ ਪ੍ਰਗਟ ਕਰਨ ਦਾ ਨਿਰਦੇਸ਼ ਦਿੱਤਾ ਜਾਵੇਗਾ ਜਿਸਦੇ ਵੱਲੋਂ ਉਹ ਉਹਨਾਂ ਨਾਲ ਗੱਲਬਾਤ ਕਰਦੇ ਹਨ।

c) ਕਰਜ਼ ਅਨੁਬੰਧ ਦੀ ਮਨਜ਼ੂਰੀ ਮਿਲਣ ਤੋਂ ਤੁਰੰਤ ਬਾਅਦ ਕਰਜ਼ ਦੀ ਰਕਮ ਮਿਲਣ ਤੋਂ ਪਹਿਲਾਂ ਉਧਾਰਕਰਤਾ ਨੂੰ ਬੈਂਕ ਦੇ ਲੈਟਰ ਹੈਡ 'ਤੇ ਮਨਜ਼ੂਰੀ ਪੱਤਰ ਜਾਰੀ ਕੀਤਾ ਜਾਵੇਗਾ।

d) ਕਰਜ਼ ਅਨੁਬੰਧ ਦੀ ਕਾਪੀ ਅਤੇ ਨਾਲ ਹੀ ਕਰਜ਼ ਅਨੁਬੰਧ ਵਿੱਚ ਦੱਸੇ ਸਾਰੇ ਨੱਥੀ, ਪੱਤਰ ਆਦਿ ਦੀ ਕਾਪੀ ਕਰਜ਼ ਮਨਜ਼ੂਰੀ ਦਿੰਦੇ/ਵਿਵਰਣ ਕਰਦੇ ਸਮੇਂ ਸਾਰੇ ਉਧਾਰਕਰਤਾਵਾਂ ਨੂੰ ਪ੍ਰਸਤੁਤ ਕੀਤੀ ਜਾਵੇਗੀ।

e) ਬੈਂਕ ਦੁਆਰਾ ਨਿਯੁਕਤ ਡਿਜੀਟਲ ਕਰਜ਼ ਅਨੁਦਾਨ ਮੰਚਾਂ ਦਾ ਪ੍ਰਭਾਵੀ ਨਿਰੀਖਣ ਅਤੇ ਉਹਨਾਂ 'ਤੇ ਨਿਗਰਾਨੀ ਸੁਨਿਸ਼ਚਿਤ ਕੀਤੀ ਜਾਵੇਗੀ।

f) ਸ਼ਿਕਾਇਤ ਨਿਵਾਰਣ ਤੰਤਰ ਦੇ ਬਾਰੇ ਜਾਗਰੂਕਤਾ ਉਤਪੰਨ ਕਰਨ ਲਈ ਉਚਿਤ ਜਤਨ ਕੀਤੇ ਜਾਣਗੇ।

**ਕਰਜ਼ ਅਰਜ਼ੀ ਅਤੇ ਅਨੁਬੰਧ**

ਬੈਂਕ ਸੁਨਿਸ਼ਚਿਤ ਕਰੇਗਾ ਕਿ ਉਧਾਰਕਰਤਾ ਦੁਆਰਾ ਮੰਗੀ ਗਈ ਕਰਜ਼ ਰਾਸ਼ੀ ਦੇ ਬਾਵਜੂਦ ਕਰਜ਼ ਅਰਜ਼ੀ ਫਾਰਮ ਵਿੱਚ ਕਰਜ਼ ਸਬੰਧੀ ਸਾਰੀਆਂ ਸ਼੍ਰੇਣੀਆਂ ਸ਼ਾਮਿਲ ਕੀਤੀਆਂ ਗਈਆਂ ਹੋਣ। ਬੈਂਕ ਜਮ੍ਹਾਂ ਕੀਤੇ ਜਾਣ ਵਾਲੇ ਦਸਤਾਵੇਜ਼ਾਂ ਦੀ ਜਾਂਚ ਸੂਚੀ (ਕਾਨੂੰਨੀ ਅਤੇ ਨਿਯਾਮਕ ਲੋੜਾਂ ਦੇ ਅਨੁਰੂਪ) ਤੋਂ ਇਲਾਵਾ ਕਰਜ਼ ਅਰਜ਼ੀ ਫਾਰਮ ਵੀ ਪ੍ਰਦਾਨ ਕਰੇਗਾ ਤਾਂ ਕਿ ਗਾਹਕ ਹਰ ਪ੍ਰਕਾਰ ਨਾਲ ਪੂਰਨ ਅਰਜ਼ੀ ਜਮ੍ਹਾਂ ਕਰ ਪਾਵੇ।

ਜੇ ਬੈਂਕ ਟੈਲੀਫੋਨ 'ਤੇ ਕਰਜ਼ ਸੁਵਿਧਾ ਦੀ ਪੇਸ਼ਕਸ਼ ਕਰਦਾ ਹੈ/ਮਨਜ਼ੂਰੀ ਦਿੰਦਾ ਹੈ, ਤਾਂ ਬੈਂਕ ਦੁਆਂਰਾ ਗਾਹਕ ਤੋਂ ਲਿਖਤੀ ਵਿੱਚ ਸਵੀਕ੍ਰਿਤੀ ਪ੍ਰਾਪਤ ਕਰਨ ਤੋਂ ਬਾਅਦ ਜਾਂ ਪ੍ਰਮਾਣਿਤ ਇਲੈਕਟ੍ਰੋਨਿਕ ਸਾਧਨ ਦੇ ਜ਼ਰੀਏ ਸਹਿਮਤੀ ਪ੍ਰਾਪਤ ਕਰਨ ਤੋਂ ਬਾਅਦ/ ਜ਼ਰੂਰੀ ਜਾਂਚ ਕਰਨ ਤੋਂ ਬਾਅਦ ਹੀ ਗਾਹਕ ਦੇ ਖਾਤੇ ਵਿੱਚ ਰਕਮ ਜਮ੍ਹਾਂ ਕੀਤੀ ਜਾਵੇਗੀ। ਬੈਂਕ ਦੁਆਰਾ ਕਿਸੇ ਵੀ ਰੂਪ ਵਿੱਚ ਕਿਸੇ ਵੀ ਅਣਇੱਛਿਤ ਪੂਰਵ-ਸਵੀਕ੍ਰਿਤ ਕਰਜ਼ ਸੁਵਿਧਾ ਦੀ ਪੇਸ਼ਕਸ਼ ਨਹੀਂ ਕੀਤੀ ਜਾਵੇਗੀ।

ਬੈਂਕ ਦੇ ਕੋਲ ਸਾਰੀਆਂ ਕਰਜ਼ ਅਰਜ਼ੀਆਂ ਦੀ ਪ੍ਰਾਪਤੀ ਦੀ ਰਸੀਦ ਦੇਣ ਅਤੇ ਨਾਲ ਹੀ ਕਰਜ਼ ਅਰਜ਼ੀ 'ਤੇ ਕਾਰਵਾਈ ਦਾ ਸਪੱਸ਼ਟ ਸਮਾਂ ਦੱਸਣ ਦੀ ਪ੍ਰਣਾਲੀ ਮੌਜੂਦ ਹੋਣੀ ਚਾਹੀਦੀ ਹੈ।

**ਕਰਜ਼ ਨਿਰਧਾਰਨ ਅਤੇ ਮੁਲਾਂਕਣ**

ਬੈਂਕ ਦੁਆਰਾ ਉਧਾਰਕਰਤਾਵਾਂ ਦੀ ਕਰਜ਼ ਅਰਜ਼ੀ ਦਾ ਉਚਿਤ ਨਿਰਧਾਰਨ ਕੀਤਾ ਜਾਵੇਗਾ ਅਤੇ ਉਸੇ ਉਧਾਰਕਰਤਾ ਦੀ ਕਰਜ਼ ਯੋਗਤਾ 'ਤੇ ਜਾਂਚ ਪੜਤਾਲ ਦੇ ਲਈ ਕੇਵਲ ਮਾਰਜਨ ਅਤੇ ਸਿਕਊਰਿਟੀ ਸ਼ਰਤ ਨੂੰ ਆਧਾਰ ਨਹੀਂ ਬਣਾਉਣਾ ਚਾਹੀਦਾ। ਬੈਂਕ ਦੁਆਰਾ ਉਧਾਰਕਰਤਾ ਨੂੰ ਕਰਜ਼ ਦੀ ਸੀਮਾ ਦੇ ਨਾਲ-ਨਾਲ ਲਾਗੂ ਨਿਯਮਾਂ ਅਤੇ ਸ਼ਰਤਾਂ ਦੀ ਜਾਣਕਾਰੀ ਵੀ ਦਿੱਤੀ ਜਾਵੇਗੀ। ਉਧਾਰਕਰਤਾ ਨਾਲ ਗੱਲਬਾਤ ਕਰਨ ਤੋਂ ਬਾਅਦ ਬੈਂਕ ਦੁਆਰਾ ਦਿੱਤੀਆਂ ਜਾਣ ਵਾਲੀਆਂ ਕਰਜ਼ ਸੁਵਿਧਾਵਾਂ ਨੂੰ ਨਿਯੰਤਰਿਤ ਕਰਨ ਵਾਲੇ ਨਿਯਮਾਂ ਅਤੇ ਸ਼ਰਤਾਂ ਅਤੇ ਹੋਰ ਚੇਤਾਵਨੀਆਂ ਵਿੱਚ ਲਿਖਿਤ ਵਿੱਚ ਕਟੌਤੀ ਕੀਤੀ ਜਾਵੇਗੀ ਅਤੇ ਬੈਂਕ ਦੇ ਅਧਿਕ੍ਰਿਤ ਅਧਿਕਾਰੀ ਦੁਆਰਾ ਉਸਨੂੰ ਵਿਧੀਵਤ ਤੌਰ 'ਤੇ ਪ੍ਰਮਾਣਿਤ ਕੀਤਾ ਜਾਵੇਗਾ। ਬੈਂਕ ਦੁਆਰਾ ਉਧਾਰਕਰਤਾ ਤੋਂ ਉਸਦੇ ਦੁਆਰਾ ਇਹਨਾਂ ਨਿਯਮਾਂ ਅਤੇ ਸ਼ਰਤਾਂ ਨੂੰ ਪੂਰਨ ਤੌਰ 'ਤੇ ਸਮਝੇ ਜਾਣ ਦੀ ਸਵੀਕ੍ਰਿਤੀ ਆਪਣੇ ਕੋਲ ਰੱਖੇਗਾ।

ਸੰਘ ਵਿਵਸਥਾ ਦੇ ਤਹਿਤ ਕਰਜ਼ ਦਿੱਤੇ ਜਾਣ ਦੀ ਸਥਿਤੀ ਵਿੱਚ ਪ੍ਰਤੀਭਾਗੀ ਕਰਜ਼ਦਾਤਾਵਾਂ ਨੂੰ ਉਚਿਤ ਸੀਮਾ ਤੱਕ ਸਮੇਂਬੱਧ ਤਰੀਕਿਆਂ ਨਾਲ ਪ੍ਰਸਤਾਵਾਂ ਦਾ ਨਿਰਧਾਰਨ ਪੂਰਾ ਕਰਨ ਦੀ ਪ੍ਰਕਿਰਿਆ ਦਾ ਵਿਕਾਸ ਕਰਨਾ ਚਾਹੀਦਾ ਹੈ ਅਤੇ ਉਚਿਤ ਸਮੇਂ ਦੇ ਅੰਦਰ ਵਿੱਤ ਜਾਂ ਹੋਰ ਮਾਮਲਿਆਂ 'ਤੇ ਆਪਣੇ ਨਿਰਣੇ ਦੀ ਜਾਣਕਾਰੀ ਦੇਣੀ ਚਾਹੀਦੀ ਹੈ।

**ਕਰਜ਼ ਸਬੰਧੀ ਅਰਜ਼ੀਆਂ ਦੇ ਸਬੰਧ ਵਿੱਚCIC ਦੇ ਨਾਲ ਜਾਣਕਾਰੀ ਦਾ ਆਦਾਨ-ਪ੍ਰਦਾਨ**

ਬੈਂਕ ਦੁਆਰਾ ਗਾਹਕ ਨੂੰ ਸਮਝਾਇਆ ਜਾਵੇਗਾ ਕਿ ਕ੍ਰੇਡਿਟ ਇੰਫੋਰਮੇਸ਼ਨ ਕੰਪਨੀਜ਼ (CIC) ਦੀ ਭੂਮਿਕਾ ਕੀ ਹੁੰਦੀ ਹੈ, CIC ਕਿਸ ਪ੍ਰਕਾਰ ਦੀ ਜਾਂਚ ਕਰਦੀ ਹੈ ਅਤੇ ਕਰਜ਼ ਲੈਣ ਦੀ ਗਾਹਕ ਯੋਗਤਾ 'ਤੇ CIC ਦੁਆਰਾ ਪ੍ਰਦਾਨ ਜਾਣਕਾਰੀ ਦੇ ਕੀ ਪ੍ਰਭਾਵ ਹੁੰਦੇ ਹਨ।

ਬੈਂਕ ਗਾਹਕ ਦੀ ਬੇਨਤੀ 'ਤੇ ਅਤੇ ਨਿਰਧਾਰਿਤ ਫੀਸ ਦੇ ਭੁਗਤਾਨ 'ਤੇ CIC ਤੋਂ ਪ੍ਰਾਪਤ ਕਰਜ਼ ਸੂਚਨਾ ਰਿਪੋਰਟ ਦੀ ਕਾਪੀ ਪ੍ਰਸਤੁਤ ਕਰ ਸਕਦਾ ਹੈ।

ਬੈਂਕ ਦੁਆਰਾ CIC ਨੂੰ ਪੁਨਰਭੁਗਤਾਨ ਵਿੱਚ ਕਿਸੇ ਵੀ ਚੂਕ 'ਤੇ ਨਿਸ਼ਚਿਤ ਸਮੇਂ ਅੰਤਰਾਲ 'ਤੇ ਗਾਹਕ ਦੁਆਰਾ ਪ੍ਰਾਪਤ ਕਰਜ਼ ਦੇ ਬਾਰੇ ਜਾਣਕਾਰੀ ਪ੍ਰਦਾਨ ਕੀਤੀ ਜਾਵੇਗੀ ਅਤੇ ਫਿਰ ਅਗਲੀ ਰਿਪੋਰਟ ਵਿੱਚ ਕਰਜ਼ ਖਾਤੇ ਦਾ ਨਿਯਮਿਤੀਕਰਨ ਅਪਡੇਟ ਕੀਤਾ ਜਾਵੇਗਾ।

**ਕਰਜ਼ ਸਬੰਧੀ ਨਿਰਣਿਆਂ ਲਈ ਸਮਾਂ-ਸੀਮਾ**

ਬੈਂਕ ਦੇ ਕੋਲ ਉਚਿਤ ਸਮਾਂ-ਸੀਮਾ ਦੇ ਨਾਲ ਕਰਜ਼ ਪ੍ਰਸਤਾਵ ਦੀ ਨਿਪਟਾਨ ਪ੍ਰਕਿਰਿਆ ਲਈ ਨਿਰਧਾਰਿਤ ਪ੍ਰਕਿਰਿਆ ਹੋਵੇਗੀ(20 ਲੱਖ ਰੁਪਏ ਤੱਕ ਦੇ ਕਰਜ਼ ਲਈ ਕਰਜ਼ ਅਰਜ਼ੀ ਪ੍ਰਾਪਤੀ ਦੀ ਤਾਰੀਖ਼ ਤੋਂ 30 ਕੰਮ ਦੇ ਦਿਨਾਂ ਤੱਕ) ਅਤੇ ਉਹ ਨਿਰਧਾਰਿਤ ਅਵਧੀ ਦੇ ਬਾਅਦ ਲੰਬਿਤ ਅਰਜ਼ੀਆਂ ਦੀ ਸਮੀਖਿਆਂ ਕਰਨ ਲਈ ਉਚਿਤ ਨਿਗਰਾਨੀ ਤੰਤਰ ਗਠਿਤ ਕਰੇਗਾ। ਬੈਂਕ ਦੁਆਰਾ ਉਹਨਾਂ ਦੀਆਂ ਵੈਬਸਾਈਟਾਂ, ਨੋਟਿਸ ਬੋਰਡ, ਉਤਪਾਦ ਸਾਹਿਤ ਅਤੇ ਅਜਿਹੀਆਂ ਹੋਰ ਵਿਧੀਆਂ ਦੇ ਜ਼ਰੀਏ ਕਰਜ਼ ਸਬੰਧੀ ਨਿਰਣਿਆਂ ਦੀ ਜਾਣਕਾਰੀ ਦੇਣ ਲਈ ਸਮਾਂ-ਸੀਮਾਵਾਂ 'ਤੇ ਉਚਿਤ ਪ੍ਰਗਟੀਕਰਨ ਕੀਤੇ ਜਾਣਗੇ।

ਬੈਂਕ ਦੁਆਰਾ ਉਚਿਤ ਸਮਾਂ ਅਵਧੀ ਦੇ ਅੰਦਰ ਕਰਜ਼ ਅਰਜ਼ੀਆਂ ਦੀ ਜਾਂਚ ਕੀਤੀ ਜਾਵੇਗੀ ਅਤੇ ਵਾਧੂ ਵਿਵਰਣ/ਦਸਤਾਵੇਜ਼ ਦੀ ਲੋੜ ਹੋਣ 'ਤੇ ਉਧਾਰਕਰਤਾਵਾਂ ਨੂੰ ਤੁਰੰਤ ਸੂਚਿਤ ਕੀਤਾ ਜਾਵੇਗਾ।

ਕੋਈ ਵੀ ਕਰਜ਼ ਅਸਵੀਕਾਰ ਕੀਤੇ ਜਾਣ ਦੀ ਸਥਿਤੀ ਵਿੱਚ ਬੈਂਕ ਨਿਰਧਾਰਿਤ ਸਮੇਂ ਵਿੱਚ SMS ਜਾਂ ਪੱਤਰ ਦੇ ਜ਼ਰੀਏ ਲਿਖਿਤ ਵਿੱਚ ਕਰਜ਼ ਅਰਜ਼ੀਆਂ ਨੂੰ ਅਸਵੀਕਾਰ ਕਰਨ ਦਾ/ਦੇ ਮੁੱਖ ਕਾਰਨ ਦੱਸੇ ਜਾਣਗੇ। ਫਿਟਨੇਕ ਆਧਾਰਿਤ ਡਿਜੀਟਲ ਕਰਜ਼ ਅਨੁਦਾਨ ਦੇ ਲਈ ਗਾਹਕ ਨੂੰ ਬੈਂਕ ਦੁਆਰਾ ਸਿੱਧੇ ਜਾਂ ਫਿਟਨੇਕ ਉਧਾਰਕਰਤਾ ਜ਼ਰੀਏ ਬੈਂਕ ਅਤੇ ਫਿਟਨੇਕ ਉਧਾਰਕਰਤਾ ਦੇ ਵਿਚਕਾਰ ਪਰਸਪਰ ਸਹਿਮਤੀ ਦੇ ਆਧਾਰ 'ਤੇ, ਅਸਵੀਕਾਰ ਕੀਤੇ ਜਾਣ ਦਾ/ਦੇ ਕਾਰਨ ਦੱਸੇ ਜਾ ਸਕਦੇ ਹਨ।

**ਕਰਜ਼ ਮਨਜ਼ੂਰ ਕਰਨ ਲਈ ਅਨੁਸਰਨ ਕੀਤੀ ਜਾਣ ਵਾਲੀ ਪ੍ਰਕਿਰਿਆ**

ਬੈਂਕ ਦੁਆਰਾ ਕਿਸੇ ਵੀ ਕਰਜ਼ ਲਈ ਸਿਕਊਰਿਟੀ/ਜ਼ਮਾਨਤ ਦੇ ਤੌਰ 'ਤੇ ਲਏ ਗਏ ਸਾਰੇ ਅਧਿਕਾਰਾਂ ਦੇ ਦਸਤਾਵੇਜ਼ਾਂ ਲਈ ਲਿਖਤੀ ਰਸੀਦ ਦਿੱਤੀ ਜਾਵੇਗੀ। ਖੇਤੀਬਾੜੀ ਕਰਜ਼ ਲਈ ਬੈਂਕ 1.6 ਲੱਖ ਰੁਪਏ ਤੱਕ ਦੀ ਕਰਜ਼ ਸੀਮਾ ਦੇ ਲਈ ਜ਼ਮਾਨਤੀ ਸਿਕਊਰਿਟੀ ਲੈਣ 'ਤੇ ਜ਼ੋਰ ਨਹੀਂ ਪਾਵੇਗਾ ਅਤੇMSE ਸੈਕਟਰ ਦੀਆਂ ਇਕਾਈਆਂ ਨੂੰ 10 ਲੱਖ ਰੁਪਏ ਤੱਕ ਦੇ ਕਰਜ਼ ਦੀ ਸਥਿਤੀ ਵਿੱਚ ਬੈਂਕ ਜ਼ਮਾਨਤੀ ਸਿਕਊਰਿਟੀ ਸਵੀਕਾਰ ਨਹੀਂ ਕਰੇਗਾ। ਬੈਂਕ ਦੁਆਰਾ ਕਰਜ਼ ਮਨਜ਼ੂਰੀ ਦੇ ਸਮੇਂ ਪੁਨਰਭੁਗਤਾਨ ਯੋਜਨਾ, ਯਾਨੀ ਪੁਨਰਭੁਗਤਾਨ ਰਕਮ, ਅਵਧੀ ਅਤੇ ਆਵਧਿਕਤਾ ਨੂੰ ਸਪੱਸ਼ਟ ਕੀਤਾ ਜਾਵੇਗਾ ਅਤੇ ਉਸਦੇ ਕੋਲ ਬਕਾਇਆਂ ਰਕਮ ਇਕੱਠੀ ਕਰਨ ਦੀ ਨਿਰਧਾਰਿਤ ਪ੍ਰਕਿਰਿਆ ਹੋਣੀ ਚਾਹੀਦੀ ਹੈ। ਵਿਆਜ਼ ਦਰ ਵਿੱਚ ਬਦਲਾਵ ਦੀ ਸਥਿਤੀ ਵਿੱਚ ਬੈਂਕ ਦੁਆਰਾ ਗਾਹਕ ਨੂੰ ਸਮਾਨ ਆਵਧਿਕ ਕਿਸ਼ਤਾਂ (EPI) ਨੂੰ ਸਥਿਤ ਰੱਖਣ ਅਤੇ ਅਵਧੀ ਬਦਲਣ ਜਾਂ ਇਸਦੇ ਠੀਕ ਉਲਟ ਕਰਨ ਦਾ ਵਿਕਲਪ ਦਿੱਤਾ ਜਾਵੇਗਾ। ਬੈਂਕ ਦੁਆਰਾ ਕਰਜ਼ 'ਤੇ ਵਿਆਜ਼ ਗਣਨਾ ਦੀ ਕਾਰਜ ਪ੍ਰਣਾਲੀ ਸਪੱਸ਼ਟ ਕੀਤੀ ਜਾਵੇਗੀ।

ਬੈਂਕ ਦੁਆਰਾ ਕਰਜ਼ ਅਨੁਬੰਧ ਦੀ ਕਾਪੀ ਅਤੇ ਨਾਲ ਹੀ ਕਰਜ਼ ਅਨੁਬੰਧ ਵਿੱਚ ਦੱਸੇ ਗਏ ਸਾਰੇ ਨੱਥੀ ਦੀ ਕਾਪੀ ਕਰਜ਼ ਮਨਜ਼ੂਰੀ ਦਿੰਦੇ/ਅਦਾਇਗੀ ਕਰਦੇ ਸਮੇਂ ਸਾਰੇ ਉਧਾਰਕਰਤਾਵਾਂ ਨੂੰ ਪ੍ਰਸਤੁਤ ਕੀਤੀ ਜਾਵੇਗੀ। ਕਰਜ਼ ਅਨੁਬੰਧ ਵਿੱਚ ਸਪੱਸ਼ਟ ਤੌਰ 'ਤੇ ਦੱਸਿਆ ਜਾਵੇਗਾ ਕਿ ਬੈਂਕ ਦੁਆਰਾ ਕਰਜ਼ ਸੁਵਿਧਾਵਾਂ ਸੋਚ-ਸਮਝ ਕੇ ਦਿੱਤੀਆਂ ਜਾਣਗੀਆਂ ਅਤੇ ਉਸਦੇ ਉੱਪਰ ਕਾਰੋਬਾਰ ਦੇ ਵਾਧੇ ਲਈ ਉਧਾਰਕਰਤਾਵਾਂ ਦੀਆਂ ਵਾਧੂ ਕਰਜ਼ ਲੋੜਾਂ ਨੂੰ ਪੂਰਾ ਕਰਨ ਦੀ ਕੋਈ ਵੀ ਜ਼ਿੰਮੇਵਾਰੀ ਨਹੀਂ ਹੋਵੇਗੀ। ਗਾਹਕ ਅਤੇ ਉੱਜੀਵਨ ਬੈਂਕ ਦੁਆਰਾ ਕਰਜ਼ ਅਨੁਬੰਧ 'ਤੇ ਹਸਤਾਖ਼ਰ ਕਰਨ ਲਈ ਬੈਂਕ ਡਿਜੀਟਲ ਹਸਤਾਖ਼ਰ ਸੁਵਿਧਾ ਦੀ ਵਰਤੋਂ ਕਰ ਸਕਦਾ ਹੈ। ਇਸਦੇ ਅਪਵਾਦ ਉਚਿਤ ਕਾਰਨ ਦੇ ਨਾਲ ਪ੍ਰਲੇਖਿਤ ਕੀਤੇ ਜਾਣਗੇ। ਗਾਹਕ ਦੀ ਬੇਨਤੀ 'ਤੇ ਬੈਂਕ ਦੁਆਰਾ ਗਾਹਕ ਨੂੰ ਕਰਜ਼ ਖਾਤੇ ਦਾ ਸਲਾਨਾ ਵਿਵਰਣ ਦਿੱਤਾ ਜਾਵੇਗਾ।

ਕਰਜ਼ ਮਨਜ਼ੂਰੀ ਦਸਤਾਵੇਜ਼ਾਂ ਦੇ ਨਿਯਮਾਂ ਅਤੇ ਸ਼ਰਤਾਂ ਵਿੱਚ ਦੱਸੀਆਂ ਗਈਆਂ ਸਥਿਤੀਆਂ ਤੋਂ ਇਲਾਵਾ ਬੈਂਕ ਉਧਾਰਕਰਤਾਵਾਂ ਦੇ ਮਾਮਲਿਆਂ ਵਿੱਚ ਦਖਲਅੰਦਾਜ਼ੀ ਨਹੀਂ ਕਰੇਗਾ (ਜਦੋਂ ਤੱਕ ਕਿ ਬੈਂਕ ਨੂੰ ਅਜਿਹੀ ਕਿਸੇ ਵੀ ਨਵੀਂ ਜਾਣਕਾਰੀ ਦਾ ਪਤਾ ਨਹੀਂ ਚੱਲਦਾ ਜਿਸਦੇ ਬਾਰੇ ਉਧਾਰਕਰਤਾ ਨੇ ਪਹਿਲਾਂ ਤੋਂ ਨਾ ਦੱਸਿਆ ਹੋਵੇ)।

**ਗਾਹਕਾਂ ਦੇ ਨਾਲ ਪਾਰਦਰਸ਼ੀ ਅਤੇ ਇਮਾਨਦਾਰ ਵਿਹਾਰ**

ਬੈਂਕ ਸੁਨਿਸ਼ਚਿਤ ਕਰੇਗਾ ਕਿ ਉਸਦਾ ਵਿਗਿਆਪਨ ਅਤੇ ਪ੍ਰਚਾਰ ਸਾਹਿਤ ਸਪੱਸ਼ਟ ਹੋਵੇ ਅਤੇ ਭਰਮ ਪੈਦਾ ਨਾ ਕਰਦਾ ਹੋਵੇ। ਬੈਂਕ ਸੁਨਿਸ਼ਚਿਤ ਕਰੇਗਾ ਕਿ ਗਾਹਕ ਨੂੰ ਉਸਦੇ ਉਤਪਾਦਾਂ ਅਤੇ ਸੇਵਾਵਾਂ, ਨਿਯਮਾਂ ਅਤੇ ਸ਼ਰਤਾਂ ਅਤੇ ਉਹਨਾਂ ਦੇ ਉੱਪਰ ਲਾਗੂ ਵਿਆਜ਼ ਦਰਾਂ/ਸ਼ੁਲਕ ਬਾਰੇ ਸਪੱਸ਼ਟ ਜਾਣਕਾਰੀ ਦਿੱਤੀ ਜਾਵੇ। ਬੈਂਕ ਬੈਂਕ ਦੁਆਰਾ ਗਾਹਕ ਨੂੰ ਦਿੱਤੀਆਂ ਜਾਣ ਵਾਲੀਆਂ ਸੁਵਿਧਾਵਾਂ ‘ਤੇ ਜਾਣਕਾਰੀ ਦਿੱਤੀ ਜਾਵੇਗੀ ਅਤੇ ਦੱਸਿਆ ਜਾਵੇਗਾ ਕਿ ਕਿਵੇਂ ਗਾਹਕ ਇਹਨਾਂ ਦਾ ਲਾਭ ਉਠਾ ਸਕਦਾ ਹੈ ਅਤੇ ਆਪਣੇ ਕਿਸੇ ਵੀ ਸਵਾਲ ਦਾ ਜਵਾਬ ਪ੍ਰਾਪਤ ਕਰਨ ਲਈ ਉਹ ਕਿਸ ਨਾਲ ਅਤੇ ਕਿਵੇਂ ਸੰਪਰਕ ਕਰ ਸਕਦੇ ਹਨ।

**ਕਰਜ਼ ਦਾ ਵਿਤਰਣ**

ਬੈਂਕ ਮਨਜ਼ੂਰ ਕੀਤੇ ਗਏ ਕਰਜ਼ਿਆਂ ‘ਤੇ ਲਾਗੂ ਨਿਯਮ ਅਤੇ ਸ਼ਰਤਾਂ ਦੇ ਅਨੁਰੂਪ ਉਹਨਾਂ ਦਾ ਸਮੇਂਬੱਧ ਵਿਤਰਣ ਸੁਨਿਸ਼ਚਿਤ ਕਰੇਗਾ। ਬੈਂਕ ਵਿਆਜ਼ ਦਰਾਂ ਅਤੇ ਹੋਰ ਸਬੰਧਿਤ ਸੇਵਾ ਸ਼ੁਲਕਾਂ ਸਹਿਤ ਨਿਯਮਾਂ ਅਤੇ ਸ਼ਰਤਾਂ ਵਿੱਚ ਹੋਣ ਵਾਲੇ ਕਿਸੇ ਵੀ ਬਦਲਾਵ ਦੀ ਸੂਚਨਾ ਦੇਵੇਗਾ ਅਤੇ ਇਹ ਬਦਲਾਵ ਕੇਵਲ ਭਾਵੀ ਤੌਰ ‘ਤੇ ਪ੍ਰਭਾਵ ਵਿੱਚ ਆਉਣਗੇ।

ਬੈਂਕ ਦੇ ਕੋਲ ਵਿਤਰਣ ਉਪਰਾਂਤ ਨਿਰੀਖਣ ਦਾ ਠੋਸ ਤੰਤਰ ਹੋਵੇਗਾ, ਵਿਸ਼ੇਸ਼ ਤੌਰ ‘ਤੇ 2 ਲੱਖ ਰੁਪਏ ਤੱਕ ਦੇ ਕਰਜ਼ਿਆਂ ਦੇ ਮਾਮਲੇ ਵਿੱਚ ਤਾਂ ਕਿ ਉਧਾਰਕਰਤਾ ਨੂੰ ਹੋਣ ਵਾਲੀ ਕਿਸੇ ਵੀ ਵਾਸਤਵਿਕ ਮੁਸ਼ਕਿਲ ਨਾਲ ਨਿਪਟਿਆ ਜਾ ਸਕੇ। ਬੈਂਕ ਉਧਾਰਕਰਤਾਵਾਂ ਨੂੰ ਉਚਿਤ ਸੂਚਨਾ ਦੇਣ ਤੋਂ ਬਾਅਦ ਕਰਜ਼ ਦਸਤਾਵੇਜ਼ ਦੇ ਤਹਿਤ ਭੁਗਤਾਨ ਜਾਂ ਪ੍ਰਦਰਸ਼ਨ ਦੀ ਯਾਦ ਦਿਲਾਉਣ/ਤੁਰੰਤ ਕਰਨ ‘ਤੇ ਨਿਰਣਾ ਲਵੇਗਾ ਜਾਂ ਵਾਧੂ ਸਿਕਊਰਿਟੀ ਦੀ ਮੰਗ ਕਰੇਗਾ। ਕਰਜ਼ ਦੀ ਬਕਾਇਆ ਰਕਮ ਇਕੱਠੀ ਕਰਨ ਅਤੇ ਸਿਕਊਰਿਟੀ ਦਾ ਪੁਨਰਗ੍ਰਹਿਣ ਕਰਨ ਦੇ ਸਬੰਧ ਵਿੱਚ ਬੈਂਕ ਨਿਮਨਲਿਖਿਤ ਉਚਿਤ ਵਿਹਾਰ ਅਪਣਾਉਣ ਵਿੱਚ ਵਿਸ਼ਵਾਸ ਰੱਖਦਾ ਹੈ ਜਿਸ ਨਾਲ ਗਾਹਕਾਂ ਵਿੱਚ ਵਿਸ਼ਵਾਸ ਵਧੇ ਅਤੇ ਸਬੰਧ ਹੋਰ ਮਜ਼ਬੂਤ ਬਣਨ ਤਾਂ ਕਿ ਕਰਜ਼ ਦੀ ਬਕਾਇਆ ਰਕਮ ਇਕੱਠੀ ਕਰਦੇ ਸਮੇਂ ਜ਼ੋਰ-ਜਬਰਦਸਤੀ ਨਾ ਕੀਤੀ ਜਾਵੇ।

**ਕਰਜ਼ ਦੇ ਸਬੰਧ ਵਿੱਚ ਫੀਸ ਅਤੇ ਸ਼ੁਲਕ**

ਬੈਂਕ ਮਨਜ਼ੂਰੀ ਪੱਤਰ/ਕਰਜ਼ ਅਨੁਬੰਧ ਵਿੱਚ ਕਰਜ਼ ਦੀ ਅਰਜ਼ੀ ‘ਤੇ ਕਾਰਵਾਈ ਕਰਨ ਲਈ ਭੁਗਤਾਨਯੋਗ ਫੀਸ/ਸ਼ੁਲਕ ਦੇ ਬਾਰੇ ਵਿੱਚ ਸਾਰੀ ਜਾਣਕਾਰੀ ਪ੍ਰਗਟ ਕਰੇਗਾ ਅਤੇ ਦੱਸੇਗਾ ਕਿ ਕਰਜ਼ ਦੀ ਰਕਮ ਮਨਜ਼ੂਰ/ਵਿਤਰਿਤ ਨਾ ਹੋਣ ‘ਤੇ ਫੀਸ/ਸ਼ੁਲਕ ਦੀ ਰਕਮ ਵਾਪਸ ਕੀਤੀ ਜਾਂਦੀ ਹੈ ਜਾਂ ਨਹੀਂ, ਇਸ ਤੋਂ ਇਲਾਵਾ ਬੈਂਕ ਪੂਰਵ-ਭੁਗਤਾਨ ਵਿਕਲਪ ਅਤੇ ਸ਼ੁਲਕ (ਜੇ ਕੋਈ ਹੈ) ਦੀ ਜਾਣਕਾਰੀ ਦੇਵੇਗਾ, ਦੇਰੀ ਨਾਲ ਪੁਨਰਭੁਗਤਾਨ (ਜੇ ਕੋਈ ਹੈ) ਲਈ ਜੁਰਮਾਨੇ, ਵਿਆਜ਼ ਸੁਧਾਰ ਦੇ ਕਿਸੇ ਵੀ ਉਪਨਿਯਮ ਦੀ ਮੌਜੂਦਗੀ ਅਤੇ ਅਜਿਹੇ ਹੋਰ ਕਿਸੇ ਵੀ ਮਾਮਲੇ ਦੇ ਬਾਰੇ ਵਿੱਚ ਜਾਣਕਾਰੀ ਦੇਵੇਗਾ ਜੋ ਉਧਾਰਕਰਤਾ ਦੇ ਹਿੱਤ ਨੂੰ ਪ੍ਰਭਾਵਿਤ ਕਰਦੀ ਹੋਵੇ।

ਬੈਂਕ ਦੁਆਰਾ ਕਰਜ਼ ਉਤਪਾਦਾਂ ਦੀਆਂ ਸਾਰੀਆਂ ਸ਼੍ਰੇਣੀਆਂ ਲਈ ਵੈਬਸਾਈਟ ‘ਤੇ ਵਿਆਜ਼ ਦਰਾਂ, ਸੇਵਾ ਸ਼ੁਲਕ ਅਤੇ ਹੋਰ ਫੀਸ ਨਾਲ ਜੁੜੀ ਜਾਣਕਾਰੀ ਦਿਖਾਈ ਜਾਵੇਗੀ। ਬੈਂਕ ਸ਼ਾਖਾਵਾਂ ਦੇ ਕੋਲ ਟੈਰਿਫ਼ ਸ਼ਡਿਊਲ ਦੀ ਕਾਪੀ ਹੋਵੇਗੀ ਅਤੇ ਜਿਸਦੀ ਉਪਲਬਧਤਾ ਦੀ ਸੂਚਨਾ ਕੰਪ੍ਰੈਹਿੰਸਿਵ ਨੋਟਿਸ ਬੋਰਡ ‘ਤੇ ਨੋਟਿਸ ਦੇ ਜ਼ਰੀਏ ਦਿੱਤੀ ਜਾਵੇਗੀ।

ਬੈਂਕ ਗਾਹਕਾਂ ਨੂੰ ‘ਕੁੱਲ ਲਾਗਤ’ ਦੀ ਜਾਣਕਾਰੀ ਦੇਵੇਗਾ ਤਾਂ ਕਿ ਉਸਨੂੰ ਵਿੱਤ ਦੇ ਹੋਰ ਸਰੋਤਾਂ ਤੋਂ ਦਰ ਸ਼ੁਲਕ ਦੀ ਤੁਲਨਾ ਕਰਨ ਵਿੱਚ ਮਦਦ ਮਿਲ ਪਾਵੇ। ਬੈਂਕ ਸੁਨਿਸ਼ਚਿਤ ਕਰੇਗਾ ਕਿ ਇਸ ਪ੍ਰਕਾਰ ਦੇ ਸ਼ੁਲਕ/ਫੀਸਾਂ ਭੇਦਭਾਵ ਰਹਿਤ ਹੋਣ। ਬੈਂਕ ਆਪਣੇ ਗਾਹਕ ਨੂੰ ਪੱਤਰ, ਈਮੇਲ ਜਾਂ SMS ਦੇ ਜ਼ਰੀਏ ਆਪਣੇ ਕਰਜ਼ ਉਤਪਾਦਾਂ ‘ਤੇ ਵਿਆਜ਼ ਦਰਾਂ ਵਿੱਚ ਬਦਲਾਵ ਦੀ ਸੂਚਨਾ ਦੇਵੇਗਾ।

**ਹੋਰ ਬੈਂਕ ਦੁਆਰਾ ਕਰਜ਼ ਦਾ ਅਧਿਗ੍ਰਹਿਣ**

ਜਿਹਨਾਂ ਕਰਜ਼ ਖਾਤਿਆਂ ਦਾ ਅਧਿਗ੍ਰਹਿਣ ਹੋਰ ਬੈਂਕਾਂ /ਵਿੱਤੀ ਸੰਸਥਾਵਾਂ ਦੁਆਰਾ ਕੀਤਾ ਜਾ ਰਿਹਾ ਹੈ ਉਹਨਾਂ ਦੇ ਸਬੰਧ ਵਿੱਚ ਬੈਂਕ ਦੁਆਰਾ ਅਜਿਹੇ ਕਰਜ਼ ਖਾਤਿਆਂ ਨਾਲ ਜੁੜੀ ਕਿਸੇ ਵੀ ਆਪੱਤੀ ਦੀ ਜਾਣਕਾਰੀ ਬੇਨਤੀ ਪ੍ਰਾਪਤੀ ਦੀ ਤਾਰੀਖ਼ ਤੋਂ 21 ਦਿਨਾਂ ਵਿੱਚ ਦਿੱਤੀ ਜਾਵੇਗੀ।

**ਕਰਜ਼ ਦੀ ਉਗਰਾਹੀ**

ਕਰਜ਼ ਦੀ ਉਗਰਾਹੀ ਦੇ ਮਾਮਲੇ ਵਿੱਚ, ਬੈਂਕ ਬੇਵਜ੍ਹਾ ਉਤਪੀੜਣ ਦਾ ਸਹਾਰਾ ਨਹੀਂ ਲਵੇਗਾ, ਜਿਵੇਂ ਕਿ ਕਰਜ਼ ਉਗਰਾਹੀ ਦੇ ਲਈ ਅਚਾਨਕ ਤੋਂ ਉਧਾਰਕਰਤਾਵਾਂ ਨੂੰ ਲਗਾਤਾਰ ਪਰੇਸ਼ਾਨ ਕਰਨਾ, ਜ਼ੋਰ-ਜਬਰਦਸਤੀ ਕਰਨਾ, ਆਦਿ। ਬੈਂਕ ਉਧਾਰਕਰਤਾਵਾਂ ਨੂੰ ਲਿਖਿਤ ਵਿੱਚ ਨੋਟਿਸ ਦਿੱਤੇ ਬਿਨਾਂ ਸਿਕਊਰਿਟੀ ਜ਼ਬਤ ਕਰਨ ਸਹਿਤ ਕੋਈ ਵੀ ਕਾਨੂੰਨੀ ਜਾਂ ਉਗਰਾਹੀ ਸਬੰਧੀ ਉਪਾਅ ਆਰੰਭ ਨਹੀਂ ਕਰੇਗਾ।

ਬੈਂਕ ਵਿਹਾਰਿਕ ਤਰੀਕੇ ਨਾਲ ਅਤੇ ਬਿਨਾਂ ਕਿਸੇ ਪੂਰਵ ਬੇਨਤੀ ਦੇ ਉਗਰਾਹੀ ਕਰੇਗਾ। ਉਚਿਤ ਵਿਹਾਰ ਅਤੇ ਬੇਨਤੀ ਉਗਰਾਹੀ ਪ੍ਰਕਿਰਿਆ ਦੇ ਮੂਲ ਸਿਧਾਂਤ ਹਨ। ਸੁਰੱਖਿਆ ਦਾ ਬੰਦੋਬਸਤ ਕੇਵਲ ਉਦੋਂ ਕੀਤਾ ਜਾਵੇਗਾ ਜਦੋਂ ਪੁਨਰਗਠਨ/ਪੁਨਰਵਾਸ ਅਸਫ਼ਲ ਜਾਂ ਅਸੰਭਵ ਹੋ ਜਾਵੇ। ਸਿਕਊਰਿਟੀ ਦੀ ਉਗਰਾਹੀ/ਜ਼ਬਤੀ ਦੇ ਲਈ ਬੈਂਕ ਕਾਨੂੰਨ ਦੇ ਤਹਿਤ ਜ਼ਰੂਰੀ ਸਾਰੀਆਂ ਪ੍ਰਕਿਰਿਆਵਾਂ ਦਾ ਪਾਲਣ ਕਰੇਗਾ।

ਕਰਜ਼ ਦੀ ਉਗਰਾਹੀ ਨਾਲ ਜੁੜੇ ਉਚਿਤ ਵਿਹਾਰਾਂ ‘ਤੇ ਵਾਧੂ ਜਾਣਕਾਰੀ ਵੈਬਸਾਈਟ ‘ਤੇ ਉਪਲਬਧ “ਕਰਜ਼ ਦੀ ਬਕਾਇਆ ਰਕਮ ਇਕੱਠੀ ਕਰਨਾ ਅਤੇ ਸਿਕਊਰਿਟੀ ਦੀ ਜ਼ਬਤੀ” ਨੀਤੀ ਵਿੱਚ ਦਿੱਤੀ ਗਈ ਹੈ।

**ਅਸਥਾਈ ਦਰ ਮਿਆਦੀ ਕਰਜ਼ਿਆਂ ‘ਤੇ ਫੋਰਕਲੋਜ਼ਰ ਸ਼ੁਲਕ/ਪੂਰਵ-ਭੁਗਤਾਨ ਜੁਰਮਾਨਾ ਲਗਾਉਣਾ**

ਮਿਤੀ 5 ਜੂਨ, 2012 ਦੇ RBI ਸਰਕੂਲਰ DBOD.No.Dir.BC.107/13.03.00/2011-12 ਅਤੇ ਮਿਤੀ 7 ਮਈ, 2014 ਦੇ RBI ਸਰਕੂਲਰ DBOD.Dir.BC.No.110/13.03.00/2013-14 ਦਾ ਸੰਦਰਭ ਲੈਂਦੇ ਹੋਏ, ਬੈਂਕ ਸਹਿ-ਬਾਧਤਾ(ਵਾਂ) ਯੁਕਤ ਜਾਂ ਰਹਿਤ ਵਿਅਕਤੀਗਤ ਉਧਾਰਕਰਤਾਵਾਂ ਨੂੰ ਕਾਰੋਬਾਰ ਤੋਂ ਇਲਾਵਾ ਹੋਰ ਕਿਸੇ ਉਦੇਸ਼ ਲਈ ਮਨਜ਼ੂਰ ਕੀਤੇ ਗਏ ਕਿਸੇ ਵੀ ਅਸਥਾਈ ਦਰ ਮਿਆਦੀ ਕਰਜ਼ ‘ਤੇ ਫੋਰਕਲੋਜ਼ਰ ਸ਼ੁਲਕ/ਪੂਰਵ-ਭੁਗਤਾਨ ਜੁਰਮਾਨਾ ਨਹੀਂ ਲਗਾਵੇਗਾ।

**ਕਰਜ਼ ਖਾਤਾ ਬੰਦ ਹੋਣ ‘ਤੇ ਸਿਕਊਰਿਟੀ ਰਿਲੀਜ਼ ਕੀਤਾ ਜਾਣਾ**

ਉਧਾਰਕਰਤਾਵਾਂ ਵੱਲੋਂ ਬੈਂਕ ਦੇ ਹੋਰ ਕਿਸੇ ਵੀ ਦਾਅਵੇ ਲਈ ਕਿਸੇ ਵੀ ਕਾਨੂੰਨੀ ਅਧਿਕਾਰ ਜਾਂ ਗ੍ਰਹਿਣਅਧਿਕਾਰ ਦੇ ਅਧੀਨ ਰਹਿੰਦੇ ਹੋਏ ਕਰਜ਼ ਦਾ ਭੁਗਤਾਨ ਪ੍ਰਾਪਤ ਕਰਨ ਜਾਂ ਕਰਜ਼ ਚੁਕਾਏ ਜਾਣ ‘ਤੇ ਬੈਂਕ ਸਾਰੀ ਸਿਕਿਊਰਿਟੀ ਰਿਲੀਜ਼ ਕਰ ਦੇਵੇਗਾ। ਗਾਹਕਾਂ ਵੱਲੋਂ ਬੈਂਕ ਦੇ ਹੋਰ ਕਿਸੇ ਵੀ ਦਾਅਵੇ ਲਈ ਕਿਸੇ ਵੀ ਕਾਨੂੰਨੀ ਅਧਿਕਾਰ ਜਾਂ ਗ੍ਰਹਿਣਅਧਿਕਾਰ ਦੇ ਅਧੀਨ ਰਹਿੰਦੇ ਹੋਏ ਸਾਰੀ ਸਹਿਮਤੀ ਜਤਾਈ ਜਾਂ ਅਨੁਬੰਧਿਤ ਬਕਾਇਆ ਰਾਸ਼ੀਆਂ ਦਾ ਪੁਨਰਭੁਗਤਾਨ ਕੀਤੇ ਜਾਣ ਦੇ 15 ਦਿਨਾਂ ਦੇ ਅੰਦਰ ਬੈਂਕ ਆਪਣੇ ਗਾਹਕਾਂ ਨੂੰ ਗਿਰਵੀ ਰੱਖੀ ਸੰਪੱਤੀ ਦੀ ਸਾਰੀ ਸਿਕਊਰਿਟੀ/ਦਸਤਾਵੇਜ਼/ਹੱਕ ਲੇਖ ਵਾਪਸ ਦੇਵੇਗਾ। ਬੈਂਕ ਦੁਆਰਾ ਖਾਤਾ ਬੰਦ ਕਰਨ ਦੇ ਅਧਿਕਾਰ ਦਾ ਇਸਤੇਮਾਲ ਕਰਨ ਦਾ ਨਿਰਣਾ ਲੈਣ ‘ਤੇ ਉਧਾਰਕਰਤਾਵਾਂ ਨੂੰ ਨੋਟਿਸ ਦਿੱਤਾ ਜਾਵੇਗਾ। ਨੋਟਿਸ ਵਿੱਚ ਬੈਂਕ ਨੂੰ ਪ੍ਰਸੰਗਿਕ ਦਾਅਵੇ ਦਾ ਨਿਪਟਾਰਾ/ਭੁਗਤਾਨ ਹੋਣ ਤੱਕ ਸਿਕਿਊਰਿਟੀ ਨੂੰ ਆਪਣੇ ਕੋਲ ਰੱਖਣ ਦੇ ਅਧਿਕਾਰ ਨਾਲ ਜੁੜੇ ਬਾਕੀ ਦਾਅਵਿਆਂ ਅਤੇ ਦਸਤਾਵੇਜ਼ਾਂ ਦੇ ਬਾਰੇ ਪੂਰਨ ਵਿਵਰਨ ਸ਼ਾਮਿਲ ਹੋਵੇਗਾ।

**ਗਾਹਕ ਸ਼ਿਕਾਇਤ ਨਿਵਾਰਣ**

ਬੈਂਕ ਨੇ ਉਧਾਰਕਰਤਾਵਾਂ ਦੀ ਸ਼ਿਕਾਇਤ ਦਾ ਨਿਵਾਰਨ ਕਰਨ ਲਈ ਤੰਤਰ ਸਥਾਪਿਤ ਕੀਤਾ ਹੈ ਜਿਸਦੇ ਬਾਰੇ ਵਿੱਚ ਗਾਹਕ ਸ਼ਿਕਾਇਤ ਨਿਵਾਰਣ ਨੀਤੀ ਵਿੱਚ ਵਿਸਤਾਰ ਵਿੱਚ ਦੱਸਿਆ ਗਿਆ ਹੈ ਅਤੇ ਜੋ ਵੈਬਸਾਈਟ ਜਾਂ ਬੈਂਕ ਦੀਆਂ ਸ਼ਾਖਾਵਾਂ ਵਿੱਚ ਉਪਲਬਧ ਹੈ।

ਕਰਜ਼ਦਾਤਾਵਾਂ ਲਈ ਉਚਿਤ ਵਿਹਾਰ ਸੰਹਿਤਾ (FPC) ਦਾ ਪਾਲਣ ਕੀਤੇ ਜਾਣ ਅਤੇ ਸ਼ਿਕਾਇਤ ਨਿਵਾਰਣ ਤੰਤਰ ਦੇ ਕੰਮ-ਕਾਜ ‘ਤੇ ਕੀਤੀ ਗਈ ਸਲਾਨਾ ਸਮੀਖਿਆ ਬੈਂਕ ਦੇ ਬੋਰਡ ਦੀ ਗਾਹਕ ਸੇਵਾ ਸਮਿਤੀ ਨੂੰ ਪ੍ਰਸਤੁਤ ਕੀਤੀ ਜਾਵੇਗੀ।

**ਮਾਸਟਰ ਡਾਇਰੈਕਸ਼ਨ-ਰੈਗੂਲੇਟਰੀ ਫ੍ਰੇਮਵਰਕ ਮਾਇਕ੍ਰੋਫਾਇਨੈਂਸ ਲੋਨ 14 ਮਾਰਚ, 2022 ਦੇ ਸੰਦਰਭ ਵਿੱਚ ਕਰਜ਼ਦਾਤਾਵਾਂ ਲਈ ਉਚਿਤ ਵਿਹਾਰ ਸੰਹਿਤਾ ਵਿੱਚ ਵਿਸਤਾਰ**

ਉਕਤ ਮਾਸਟਰ ਡਾਇਰੈਕਸ਼ਨ ਦੇ ਅਨੁਸਾਰ, ਮਾਇਕ੍ਰੋਫਾਇਨੈਂਸ ਲੋਨ ਕੋਲੈਟਰਲ ਮੁਕਤ ਕਰਜ਼ਾ ਹੁੰਦਾ ਹੈ ਜਿਸਨੂੰ ਉਹਨਾਂ ਪਰਿਵਾਰਾਂ ਨੂੰ ਦਿੱਤਾ ਜਾਂਦਾ ਹੈ ਜਿਹਨਾਂ ਦੀ ਸਲਾਨਾ ਆਮਦਨ ₹3,00,000 ਤੱਕ ਹੁੰਦੀ ਹੈ। ਮਾਸਟਰ ਡਾਇਰੈਕਸ਼ਨ ਵਿੱਚ ਬੈਂਕਾਂ ਲਈ ਅਨੁਪਾਲਣ ਲੋੜਾਂ ਨਿਰਧਾਰਿਤ ਕੀਤੀਆਂ ਗਈਆਂ ਹਨ, ਜੋ ਇਸ ਪ੍ਰਕਾਰ ਹਨ:

1. ਬੈਂਕ ਮਾਨਕੀਕ੍ਰਿਤ ਸਰਲੀਕ੍ਰਿਤ ਫੈਕਟਸ਼ੀਟ ਵਿੱਚ ਸੰਭਾਵਿਤ ਉਧਾਰਕਰਤਾ ਨੂੰ ਮੁੱਲ-ਨਿਰਧਾਰਨ ਸਬੰਧੀ ਜਾਣਕਾਰੀ ਦਾ ਖੁਲਾਸਾ ਕਰੇਗਾ। ਵਿਸਤ੍ਰਿਤ ਫੈਕਟਸ਼ੀਟ ਦੇ ਲਈ ਨੱਥੀ 1 ਦਾ ਸੰਦਰਭ ਲਓ।

2. ਬੈਂਕ ਅਤੇ/ਜਾਂ ਉਸਦੇ ਸਾਂਝੇਦਾਰ/ਏਜੰਟ ਦੁਆਰਾ ਮਾਇਕ੍ਰੋਫਾਇਨਾਂਸ ਉਧਾਰਕਰਤਾ ਤੋਂ ਪ੍ਰਾਪਤ ਕੀਤੀ ਜਾਣ ਵਾਲੀ ਕੋਈ ਵੀ ਫੀਸ ਫੈਕਟਸ਼ੀਟ ਵਿੱਚ ਸਪੱਸ਼ਟ ਤੌਰ ‘ਤੇ ਦੱਸੀ ਜਾਵੇਗੀ। ਉਧਾਰਕਰਤਾ ਤੋਂ ਅਜਿਹੀ ਕੋਈ ਵੀ ਰਕਮ ਪ੍ਰਾਪਤ ਨਹੀਂ ਕੀਤੀ ਜਾਵੇਗੀ ਜਿਸਨੂੰ ਫੈਕਟਸ਼ੀਟ ਵਿੱਚ ਸਪੱਸ਼ਟ ਤੌਰ ‘ਤੇ ਦੱਸਿਆ ਨਾ ਗਿਆ ਹੋਵੇ।

3. ਮਾਇਕ੍ਰੋਫਾਇਨੈਂਸ਼ ਲੋਨ ‘ਤੇ ਕੋਈ ਵੀ ਪੂਰਵ-ਭੁਗਤਾਨ ਜੁਰਮਾਨਾ ਨਹੀਂ ਲਗਾਇਆ ਜਾਵੇਗਾ। ਦੇਰੀ ਨਾਲ ਭੁਗਤਾਨ (ਜੇ ਕੋਈ ਹੈ) ਦੇ ਲਈ ਜੁਰਮਾਨਾ ਲਏ ਜਾਣ ਦੀ ਸਥਿਤੀ ਵਿੱਚ ਉਸੇ ਬਕਾਇਆ ਰਾਸ਼ੀ ‘ਤੇ ਲਿਆ ਜਾਵੇਗਾ ਸੰਪੂਰਨ ਕਰਜ਼ ਰਾਸ਼ੀ ‘ਤੇ ਨਹੀਂ।

4. ਬੈਂਕ ਦੁਅਰਾ ਆਪਣੇ ਸਾਰੇ ਦਫ਼ਤਰਾਂ ਵਿੱਚ, ਉਸਦੇ ਦੁਆਰਾ ਸਾਹਿਤ ਵਿੱਚ (ਸੂਚਨਾ ਪੁਸਤਿਕਾਵਾਂ/ਪਰਚੇ) ਅਤੇ ਆਪਣੀ ਵੈਬਸਾਈਟ ਵਿੱਚ ਵਿਵਰਣ ਵਿੱਚ ਮਾਇਕ੍ਰੋਫਾਇਨੈਂਸ ਲੋਨ ‘ਤੇ ਪ੍ਰਾਪਤ ਕੀਤੀ ਜਾਣ ਵਾਲੀ ਨਿਊਨਤਮ, ਅਧਿਕਤਮ ਅਤੇ ਔਸਤ ਵਿਆਜ਼ ਦਰਾਂ ਨੂੰ ਪ੍ਰਮੁਖਤਾ ਨਾਲ ਪ੍ਰਦਰਸ਼ਿਤ ਕੀਤਾ ਜਾਵੇਗਾ।

5. ਵਿਆਜ਼ ਦਰ ਜਾਂ ਹੋਰ ਕਿਸੇ ਵੀ ਸ਼ੁਲਕ ਵਿੱਚ ਕੀਤੇ ਜਾਣ ਵਾਲੇ ਕਿਸੇ ਵੀ ਬਦਲਾਵ ਦੀ ਸੂਚਨਾ ਉਧਾਰਕਰਤਾ ਨੂੰ ਪਹਿਲਾਂ ਤੋਂ ਦਿੱਤੀ ਜਾਵੇਗੀ ਅਤੇ ਇਹ ਬਦਲਾਵ ਕੇਵਲ ਭਾਵੀ ਤੌਰ ‘ਤੇ ਪ੍ਰਭਾਵੀ ਹੋਣਗੇ।

6. ਮਾਇਕ੍ਰੋਫਾਇਨੈਂਸ਼ ਲੋਨ ਲਈ ਕਰਜ਼ ਅਨੁਬੰਧ ਦਾ ਮਾਨਕ ਫਾਰਮ ਅਜਿਹੀ ਭਾਸ਼ਾ ਵਿੱਚ ਹੋਵੇਗਾ ਜਿਸਨੂੰ ਉਧਾਰਕਰਤਾ ਸਮਝ ਸਕਦਾ ਹੋਵੇ।

7. ਬੈਂਕ ਦੁਆਰਾ ਲੋਨ ਕਾਰਡ ਪ੍ਰਦਾਨ ਕੀਤਾ ਜਾਵੇਗਾ ਜਿਸ ਵਿੱਚ ਨੋਡਲ ਅਧਿਕਾਰੀ ਦਾ ਨਾਮ ਅਤੇ ਕਾਨਟੈਕਟ ਨੰਬਰ ਸ਼ਾਮਿਲ ਹੋਵੇਗਾ ਅਤੇ ਉਸ ਲੋਨ ਕਾਰਡ ਵਿੱਚ ਸ਼ਾਮਿਲ ਸਾਰੀਆਂ ਐਂਟਰੀਆਂ ਤੋਂ ਉਧਾਰਕਰਤਾ ਦੀ ਉਚਿਤ ਪਹਿਚਾਣ ਕੀਤੀ ਜਾਵੇਗੀ, ਉਸ ਤੋਂ ਇਲਾਵਾ ਮੁੱਲ-ਨਿਰਧਾਰਨ ‘ਤੇ ਸਰਲੀਕ੍ਰਿਤ ਫੈਕਟਸ਼ੀਟ, ਕਰਜ਼ ਸਬੰਧੀ ਹੋਰ ਸਾਰੇ ਨਿਯਮ ਅਤੇ ਸ਼ਰਤਾਂ, ਬੈਂਕ ਦੁਆਰਾ ਪ੍ਰਾਪਤ ਕਿਸ਼ਤਾਂ ਸਹਿਤ ਸਾਰੇ ਪੁਨਰਭੁਗਤਾਨਾਂ ਦੀ ਰਸੀਦ ਅਤੇ ਅੰਤਿਮ ਡਿਸਚਾਰਜ ਅਤੇ ਨੋਡਲ ਅਧਿਕਾਰੀ ਦੇ ਨਾਮ ਅਤੇ ਕਾਨਟੈਕਟ ਨੰਬਰ ਸਹਿਤ ਸ਼ਿਕਾਇਤ ਨਿਵਾਰਨ ਪ੍ਰਣਾਲੀ ਦਾ ਵਿਵਰਣ ਸ਼ਾਮਿਲ ਕੀਤਾ ਜਾਵੇਗਾ।

8. ਲੋਨ ਕਾਰਡ ਵਿੱਚ ਸ਼ਾਮਿਲ ਸਾਰੀਆਂ ਐਂਟਰੀਆਂ ਅਜਿਹੀ ਭਾਸ਼ਾ ਵਿੱਚ ਹੋਣੀਆਂ ਚਾਹੀਦੀਆਂ ਹਨ ਜੋ ਉਧਾਰਕਰਤਾ ਨੂੰ ਸਮਝ ਆਉਂਦੀ ਹੋਵੇ।

9. ਕਰਜ਼ ਨਾਲ ਅਸਬੰਧਿਤ ਸਾਰੇ ਉਤਪਾਦ ਉਧਾਰਕਰਤਾਵਾਂ ਦੀ ਪੂਰਨ ਸਹਿਮਤੀ ਨਾਲ ਜਾਰੀ ਕੀਤੇ ਜਾਣਗੇ ਅਤੇ ਅਜਿਹੇ ਉਤਪਾਦਾਂ ਦੀ ਫੀਸ ਦੀ ਸੰਪੂਰਨ ਜਾਣਕਾਰੀ ਲੋਨ ਕਾਰਡ ਵਿੱਚ ਹੀ ਦੱਸੀ ਜਾਵੇਗੀ।

10. ਬੈਂਕ ਦੇ ਕਰਮਚਾਰੀਆਂ ਜਾਂ ਆਊਟਸੋਰਸਿੰਗ ਏਜੰਸੀ ਦੇ ਕਰਮਚਾਰੀਆਂ ਦੁਆਰਾ ਅਣਉਚਿਤ ਵਿਹਾਰ ਦੀ ਜਵਾਬਦੇਹੀ ਬੈਂਕ ਦੀ ਹੋਵੇਗੀ ਅਤੇ ਉਸਦੇ ਦੁਆਰਾ ਸਮੇਂ ‘ਤੇ ਸ਼ਿਕਾਇਤ ਦਾ ਨਿਵਾਰਣ ਕੀਤਾ ਜਾਵੇਗਾ, ਇਸਦੇ ਸਬੰਧ ਵਿੱਚ ਜਾਣਕਾਰੀ ਕਰਜ਼ ਅਨੁਬੰਦ ਅਤੇ ਨਾਲ ਹੀ ਵੈਬਸਾਈਟ/ਸ਼ਾਖਾ ਪਰਿਸਰ/ਦਫ਼ਤਰ ਵਿੱਚ ਪ੍ਰਦਾਨ ਕੀਤੀ ਜਾਵੇਗੀ।

11. ਕਰਜ਼ ਦੀ ਉਗਰਾਹੀ ਸਬੰਧੀ ਦਿਸ਼ਾ-ਨਿਰਦੇਸ਼ ਬੈਂਕ ਦੀ ਕੁਲੈਕਸ਼ਨ ਪਾਲਿਸੀ ਵਿੱਚ ਉਚਿਤ ਤੌਰ ‘ਤੇ ਦੱਸੇ ਗਏ ਹਨ।

**ਨੱਥੀ :1**
**ਮਾਇਕ੍ਰੋਫਾਇਨੈਂਸ਼ ਲੋਨ ਦੇ ਮੁੱਲ ਨਿਰਧਾਰਨ ਦੇ ਉੱਪਰ ਫੈਕਟਸ਼ੀਟ-**
(ਜਾਣਕਾਰੀ ਅਜਿਹੀ ਭਾਸ਼ਾ ਵਿੱਚ ਹੋਣੀ ਚਾਹੀਦੀ ਹੈ ਜੋ ਉਧਾਰਕਰਤਾ ਨੂੰ ਸਮਝ ਆਉਂਦੀ ਹੋਵੇ)
**ਮਿਤੀ: XXX** **ਕਰਜ਼ਦਾਤਾ ਦਾ ਨਾਮ:XXX** **ਬਿਨੈਕਾਰ ਦਾ ਨਾਮ:XXX**

| ਕ੍ਰਮ ਸੰਖਿਆ | ਮਾਪਦੰਡ | ਵਿਵਰਣ |
|---|---|---|
| (i) | ਕਰਜ਼ ਦੀ ਰਾਸ਼ੀ (ਉਧਾਰਕਰਤਾ ਨੂੰ ਵਿਤਰਿਤ ਕੀਤੀ ਗਈ ਰਾਸ਼ੀ) (ਰੁਪਏ ਵਿੱਚ) | |
| (ii) | ਕਰਜ਼ ਦੀ ਸੰਪੂਰਨ ਅਵਧੀ ਦੌਰਾਨ ਲਿਆ ਜਾਣਾ ਕੁੱਲ ਵਿਆਜ਼ (ਰੁਪਏ ਵਿੱਚ) | |
| (iii) | ਹੋਰ ਅਗ੍ਰਿਮ ਸ਼ੁਲਕ (ਹਰੇਕ ਘਟਕ ਦਾ ਵਿਘਟਨ ਹੇਠਾਂ ਦਿੱਤਾ ਜਾਵੇ) (ਰੁਪਏ ਵਿੱਚ) | |
| (a) | ਪ੍ਰੋਸੈਸਿੰਗ ਫੀਸ (ਰੁਪਏ ਵਿੱਚ) | |
| (b) | ਬੀਮਾ ਸ਼ੁਲਕ (ਰੁਪਏ ਵਿੱਚ) | |
| (c) | ਹੋਰ (ਜੇ ਕੋਈ ਹੋਵੇ) (ਰੁਪਏ ਵਿੱਚ) | |
| (iv) | ਸ਼ੁੱਧ ਵਿਤਰਿਤ ਰਾਸ਼ੀ ((i)-(iii)) (ਰੁਪਏ ਵਿੱਚ) | |
| (v) | ਉਧਾਰਕਰਤਾ ਦੁਆਰਾ ਚੁਕਾਈ ਜਾਣ ਵਾਲੀ ਕੁੱਲ ਰਾਸ਼ੀ ((i), (ii) ਅਤੇ (iii) ਦਾ ਜੋੜ) (ਰੁਪਏ ਵਿੱਚ) | |

| | | |
|---|---|---|
| (vi) | ਪ੍ਰਭਾਵੀ ਸਲਾਨਾ ਵਿਆਜ਼ ਦਰ (ਪ੍ਰਤੀਸ਼ਤ ਵਿੱਚ) (IRR ਪਦਤੀ ਅਤੇ ਘੱਟ ਬਾਕੀ ਵਿਧੀ ਦੇ ਇਸਤੇਮਾਲ ਨਾਲ ਸ਼ੁੱਧ ਵਿਤਰਿਤ ਰਾਸ਼ੀ ‘ਤੇ ਗਿਣੀ ਗਈ) | |
| (vii) | ਕਰਜ਼ ਦੀ ਅਵਧੀ (ਮਹੀਨਿਆਂ ਵਿੱਚ) | |
| (viii) | ਉਧਾਰਕਰਤਾ ਦੁਆਰਾ ਪੁਨਰਭੁਗਤਾਨ ਆਵਰਤੀ | |
| (ix) | ਪੁਨਰਭੁਗਤਾਨ ਕਿਸ਼ਤਾਂ ਦੀ ਸੰਖਿਆ | |
| (x) | ਪੁਨਰਭੁਗਤਾਨ ਦੀ ਹਰੇਕ ਕਿਸ਼ਤ ਦੀ ਰਾਸ਼ੀ (ਰੁਪਏ ਵਿੱਚ) | |
| | | |
| (xi) | ਉਧਾਰਕਰਤਾ ਤੋਂ ਕਿਸੇ ਵੀ ਸਮੇਂ ਪੂਰਵ-ਭੁਗਤਾਨ ‘ਤੇ ਕੋਈ ਵੀ ਜੁਰਮਾਨਾ ਨਹੀਂ ਲਿਆ ਜਾਵੇਗਾ। | |
| (xii) | ਭੁਗਤਾਨ ਦੀ ਸਥਿਤੀ ਵਿੱਚ ਜੁਰਮਾਨਾ (ਜੇ ਕੋਈ ਹੋਵੇ) | |
| (xiii) | ਹੋਰ ਸ਼ੁਲਕ (ਜੇ ਕੋਈ ਹੋਵੇ) | |

## ਵਿਸਤ੍ਰਿਤ ਪੁਨਰਭੁਗਤਾਨ ਪ੍ਰੋਗਰਾਮ

| ਕਿਸ਼ਤ ਸੰਖਿਆ | ਬਕਾਇਆ ਮੂਲ ਰਾਸ਼ੀ (ਰੁਪਏ ਵਿੱਚ) | ਮੂਲ ਰਾਸ਼ੀ (ਰੁਪਏ ਵਿੱਚ) | ਵਿਆਜ਼ (ਰੁਪਏ ਵਿੱਚ) | ਕਿਸ਼ਤ (ਰੁਪਏ ਵਿੱਚ) |
|---|---|---|---|---|
| | | | | |